
People's Herald

Rs- 100/month

People's Herald



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

"Equality and Justice"

स्वतंत्रता, समानता, भाईचारा

PATIALA On line paper 23 ਜੂਨ 2025 ਸੋਮਵਾਰ "ਰੋਜ਼ਾਨਾ" ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ



**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸ਼ੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ

## ਰਾਜ ਸਭਾ ਸੀਟ ਅਤੇ ਮੰਤਰੀ ਬਣਨ ਲਈ ਆਪਣੀ ਆਤਮਾ ਵੇਚਣ ਵਾਲੇ ਬਿੱਟੂ ਕਿਸ ਮੂੰਹ ਨਾਲ PUNJAB ਦੇ ਮੁੱਖ ਮੰਤਰੀ ਦੇ ਅਧਿਕਾਰ 'ਤੇ ਸਵਾਲ ਉਠਾ ਰਹੇ ਹਨ: 'AAP'

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਜੂਨ
INTERNATIONAL PAPER, 94636 01616
hardipchumber57@gmail.com

ਆਮ ਆਦਮੀ ਪਾਰਟੀ (AAP) ਪੰਜਾਬ ਨੇ ਭਾਜਪਾ ਸੰਸਦ ਮੈਂਬਰ ਰਵਨੀਤ ਬਿੱਟੂ ਵੱਲੋਂ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਮਾਨ ਦੀ ਲੀਡਰਸ਼ਿਪ ਵਿਰੁੱਧ ਲਗਾਏ ਗਏ ਬੇਬੁਨਿਆਦ ਦੋਸ਼ਾਂ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

ਮੰਤਰੀ ਹਰਪਾਲ ਸਿੰਘ ਚੀਮਾ ਨੇ ਬਿੱਟੂ ਦੇ ਇਸ ਦਾਅਵੇ ਦੀ ਸਖ਼ਤ ਨਿੰਦਾ ਕੀਤੀ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਸ਼ਕਤੀਆਂ ਨੂੰ ਹਾਈਜੈਕ ਕਰ ਲਿਆ ਗਿਆ ਹੈ। ਚੀਮਾ ਨੇ ਕਿਹਾ, "ਸਾਰਾ ਸੂਬਾ ਜਾਣਦਾ ਹੈ ਕਿ ਕਿਵੇਂ ਰਵਨੀਤ ਬਿੱਟੂ ਨੇ ਪਹਿਲਾਂ ਰਾਜ ਸਭਾ ਸੀਟ ਅਤੇ ਫਿਰ ਮੰਤਰੀ ਅਹੁਦਾ ਹਾਸਲ ਕਰਨ ਲਈ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਅੱਗੇ ਆਤਮ ਸਮਰਪਣ ਕਰ ਦਿੱਤਾ। ਉਨ੍ਹਾਂ ਦੇ ਦੋਸ਼ 'ਆਪ' ਸਰਕਾਰ ਅਧੀਨ ਪੰਜਾਬ ਭਰ ਵਿੱਚ ਹੋ ਰਹੇ ਵਿਕਾਸ ਤੋਂ ਧਿਆਨ ਹਟਾਉਣ ਦੀ ਕੋਸ਼ਿਸ਼ ਤੋਂ ਇਲਾਵਾ ਕੁਝ ਵੀ ਨਹੀਂ ਹਨ।"

ਚੀਮਾ ਨੇ ਸ਼ਹਿਰੀ ਰਿਹਾਇਸ਼, ਉਦਯੋਗਿਕ ਵਿਕਾਸ ਅਤੇ ਖੇਤੀਬਾੜੀ ਵਿੱਚ ਪੰਜਾਬ ਦੀ ਪ੍ਰਗਤੀ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ, "ਆਪ ਨੇ ਲੋਕਾਂ ਲਈ ਅਸਲ ਨਤੀਜੇ ਦੇਣ 'ਤੇ ਧਿਆਨ ਕੇਂਦਰਿਤ ਕੀਤਾ ਹੈ। ਭਾਵੇਂ ਇਹ ਸ਼ਹਿਰੀ ਹਾਊਸਿੰਗ ਸੁਸਾਇਟੀਆਂ ਹੋਣ, ਉਦਯੋਗਿਕ ਸੁਧਾਰ ਹੋਣ ਜਾਂ ਕਿਸਾਨਾਂ ਲਈ ਸਹਾਇਤਾ, ਸਾਡੀ ਸਰਕਾਰ ਪੰਜਾਬ ਦੀ ਤਰੱਕੀ ਨੂੰ ਯਕੀਨੀ ਬਣਾਉਣ ਲਈ ਅਣਥੱਕ ਮਿਹਨਤ ਕਰ ਰਹੀ ਹੈ।"

ਚੀਮਾ ਨੇ ਬਿੱਟੂ ਦੇ ਮੁੱਖ ਮੰਤਰੀ ਦੇ ਅਧਿਕਾਰ ਨੂੰ ਕਮਜ਼ੋਰ ਕਰਨ ਦੇ ਦਾਅਵਿਆਂ ਨੂੰ ਸਫੇਦ ਝੂਠ ਦੱਸਿਆ। ਉਨ੍ਹਾਂ ਕਿਹਾ "ਹਰੇਕ ਵਿਕਾਸ ਅਥਾਰਟੀ ਆਈਏਐਸ ਅਧਿਕਾਰੀਆਂ ਦੇ ਅਧੀਨ ਕੰਮ ਕਰਦੀ ਹੈ ਅਤੇ ਉਨ੍ਹਾਂ ਦੇ ਮੁਖੀ ਸਿੱਧੇ ਮੁੱਖ ਮੰਤਰੀ ਨੂੰ ਰਿਪੋਰਟ ਕਰਦੇ ਹਨ। ਇਹ ਢਾਂਚਾ ਫੈਸਲੇ ਲੈਣ ਵਿੱਚ ਤੇਜ਼ੀ ਲਿਆਉਣ ਅਤੇ ਕੁਸ਼ਲਤਾ ਵਧਾਉਣ ਲਈ ਬਣਾਇਆ ਗਿਆ ਹੈ।'

ਸੀਨੀਅਰ ਬੁਲਾਰੇ ਨੀਲ ਗਰਗ ਨੇ ਬਿੱਟੂ ਦੇ ਪਖੰਡ 'ਤੇ ਸਵਾਲ ਉਠਾਏ ਅਤੇ ਪੁੱਛਿਆ ਕਿ ਉਨ੍ਹਾਂ ਦੇ ਇਰਾਦੇ ਕੀ ਸਨ। ਗਰਗ ਨੇ ਕਿਹਾ, "ਬਿੱਟੂ ਨੂੰ ਲੁਧਿਆਣਾ ਦੇ ਲੋਕਾਂ ਨੇ ਚੋਣਾਂ ਵਿੱਚ ਪੂਰੀ ਤਰ੍ਹਾਂ ਨਕਾਰ ਦਿੱਤਾ ਹੈ। ਆਪਣੇ ਪਰਿਵਾਰ ਦੀ ਵਿਰਾਸਤ ਦਾ ਸਤਿਕਾਰ ਕਰਨ ਦੀ ਬਜਾਏ, ਉਹ ਪੰਜਾਬ ਦੇ ਮਾਣ ਅਤੇ ਕਦਰਾਂ-ਕੀਮਤਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ, ਮੰਤਰੀ ਅਹੁਦੇ ਲਈ ਭਾਜਪਾ ਅੱਗੇ ਝੁਕ ਗਏ। ਹੁਣ ਉਨ੍ਹਾਂ ਦੇ ਬਿਆਨ ਜਨਤਾ ਨੂੰ ਗੁੰਮਰਾਹ ਕਰਨ ਦੀ ਇੱਕ ਨਿਰਾਸ਼ਾਜਨਕ ਕੋਸ਼ਿਸ਼ ਹਨ।"

ਗਰਗ ਨੇ ਮਹੱਤਵਪੂਰਨ ਪਲਾਂ 'ਤੇ ਬਿੱਟੂ ਦੀ ਚੁੱਪੀ ਵੱਲ ਵੀ ਇਸ਼ਾਰਾ ਕੀਤਾ। ਉਨ੍ਹਾਂ ਕਿਹਾ "ਜਦੋਂ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਆਪਣੀ ਲੁਧਿਆਣਾ ਫੇਰੀ ਦੌਰਾਨ ਪੰਜਾਬੀ ਅਤੇ ਸਿੱਖ ਕਦਰਾਂ-ਕੀਮਤਾਂ ਦਾ ਅਪਮਾਨ ਕੀਤਾ, ਤਾਂ ਬਿੱਟੂ ਨੇ ਇੱਕ ਸ਼ਬਦ ਵੀ ਨਹੀਂ ਕਿਹਾ। ਹੁਣ, ਉਹ ਪ੍ਰਸੰਗਿਕ ਰਹਿਣ ਲਈ ਵਿਵਾਦ ਪੈਦਾ ਕਰਨ ਦੀ



ਕੋਸ਼ਿਸ਼ ਕਰ ਰਹੇ ਹਨ।"

ਦੋਵੇਂ ਆਗੂਆਂ ਨੇ ਕਿਹਾ ਕਿ ਇਹ ਕੈਬਨਿਟ ਦਾ ਫੈਸਲਾ ਹੈ ਅਤੇ ਇਹ ਫੈਸਲਾ ਪੰਜਾਬ ਦੇ ਵਿਕਾਸ ਨੂੰ ਹੋਰ ਹੁਲਾਰਾ ਦੇਣ ਲਈ ਲਿਆ ਗਿਆ ਹੈ। ਚੀਮਾ ਨੇ ਸਪੱਸ਼ਟ ਕੀਤਾ, "ਇਨ੍ਹਾਂ ਕਦਮਾਂ ਦਾ ਉਦੇਸ਼ ਵਿਕਾਸ ਨੂੰ ਤੇਜ਼ ਕਰਨਾ ਹੈ ਅਤੇ ਸਾਰੇ ਵੱਡੇ ਫੈਸਲਿਆਂ ਵਿੱਚ ਮੁੱਖ ਮੰਤਰੀ ਕੋਲ ਅੰਤਿਮ ਅਧਿਕਾਰ ਹੁੰਦਾ ਹੈ।"

ਚੀਮਾ ਨੇ ਕਿਹਾ, "ਭਾਜਪਾ ਅਤੇ ਰਵਨੀਤ ਬਿੱਟੂ ਅਸਲ ਮੁੱਦਿਆਂ ਤੋਂ ਧਿਆਨ ਹਟਾਉਣ ਅਤੇ ਪੰਜਾਬ ਦੀ ਤਰੱਕੀ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਹਾਲਾਂਕਿ, ਪੰਜਾਬ ਦੇ ਲੋਕ ਉਨ੍ਹਾਂ ਦੇ ਏਜੰਡੇ ਨੂੰ ਸਮਝਦੇ ਹਨ ਅਤੇ ਪਾਰਦਰਸ਼ੀ, ਜਵਾਬਦੇਹ ਸ਼ਾਸਨ ਦੇ 'ਆਪ' ਦੇ ਦ੍ਰਿਸ਼ਟੀਕੋਣ ਦਾ ਸਮਰਥਨ ਕਰਦੇ ਹਨ।"

## ਪੰਜਾਬ ਸੰਭਾਲੋ ਮੁਹਿੰਮ ਹੀ ਸੂਬੇ ਦੀਆਂ ਸਾਰੀਆਂ ਸਮੱਸਿਆਵਾਂ ਦਾ ਕਰੇਗੀ ਹੱਲ :ਡਾ.ਅਵਤਾਰ ਸਿੰਘ ਕਰੀਮਪਰੀ

### ਬਸਪਾ ਬਣਾਏਗੀ ਬਾਬਾ ਸਾਹਿਬ ਜੀ ਦੇ ਸੁਪਨਿਆਂ ਦਾ ਭਾਰਤ--ਬਿਪਲ ਕੁਮਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਜੂਨ
INTERNATIONAL PAPER, 94636 01616
hardipchumber57@gmail.com

ਸੰਗਰੂਰ,22 ਜੂਨ (ਜਗਸੀਰ ਲੌਂਗੋਵਾਲ)- ਬਹੁਜਨ ਸਮਾਜ ਪਾਰਟੀ ਲੋਕ ਸਭਾ ਸੰਗਰੂਰ ਵੱਲੋਂ ਪੰਜਾਬ ਸੰਭਾਲੋ ਮੁਹਿੰਮ ਤਹਿਤ ਜੋ ਜਮੀਨ ਸਰਕਾਰੀ ਹੈ ਵੋ ਜਮੀਨ ਹਮਾਰੀ ਹੈ ਦੇ ਮੁੱਦੇ ਨੂੰ ਲੈ ਕੇ ਸੰਗਰੂਰ ਦੇ ਅਨਾਜ ਮੰਡੀ ਸ਼ੈਡ ਵਿੱਚ ਵਿਸ਼ਾਲ ਮਹਾਂ ਰੈਲੀ ਕੀਤੀ ਗਈ, ਜਿਸ ਵਿੱਚ ਲੋਕ




ਸਭਾ ਸੰਗਰੂਰ ਵਿੱਚੋਂ ਅੱਤ ਦੀ ਗਰਮੀ ਅਤੇ ਝੋਨੇ ਦਾ ਸੀਜਨ ਹੋਣ ਦੇ ਬਾਵਜੂਦ ਵੱਡਾ ਜਨ ਸਲਾਬ ਉਮੜਿਆ। ਰੈਲੀ ਦੇ ਮੁੱਖ ਮਹਿਮਾਨ ਪਾਰਟੀ ਦੇ ਕੇਦਰੀ ਸੂਬਾ ਇੰਚਾਰਜਸ੍ਰੀ ਵਿਪਲ ਕੁਮਾਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਸਪਾ ਹੀ ਬਾਬਾ ਸਾਹਿਬ ਅੰਬੇਡਕਰ ਜੀ ਦੇ ਸੁਪਨਿਆਂ ਦਾ ਭਾਰਤ ਬਣਾਏਗੀ, ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਦੇ ਵਿੱਚ ਬਸਪਾ ਦੀ ਕੌਮੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਜਦੋਂ ਮੁੱਖ ਮੰਤਰੀ ਬਣੇ ਉਹਨਾਂ ਨੇ ਭਾਰਤੀ ਕਿਸਾਨ ਮਜ਼ਦੂਰ ਅੰਦੋਲਨ ਦੇ ਤਹਿਤ ਲੱਖਾਂ ਬੇਜਮੀਨੇ ਗਰੀਬਾਂ ਦਲਿਤਾਂ, ਪੱਛੜਿਆਂ, ਛੋਟੇ ਕਿਸਾਨਾਂ ਦੇ ਵਿੱਚ ਲੱਖਾਂ ਏਕੜ ਜਮੀਨ ਵੰਡ ਕੇ ਕਿਰਤੀ ਕਾਮਿਆਂ ਮਾਲਕ ਬਣਾਉਣ ਦੀ ਇਤਿਹਾਸਿਕ ਕ੍ਰਾਂਤੀ ਕੀਤੀ, ਉਹਨਾਂ ਸਾਰੇ ਪੰਜਾਬੀਆਂ ਨੂੰ ਖੁੱਲਾ ਸੱਦਾ

ਪੂਰੀ ਖਬਰ 5 ਪੇਜ ਤੇ

## ਸੁਖਬੀਰ ਬਾਦਲ ਸਿਰਫ਼ ਆਪਣਾ ਕਾਰੋਬਾਰ ਚਲਾਉਣਾ ਸੀ, ਇਸੇ ਲਈ ਉਨ੍ਹਾਂ ਨੇ ਅਫ਼ਸਰਾਂ ਨੂੰ ਵੱਡੀਆਂ ਜ਼ਿੰਮੇਵਾਰੀਆਂ ਨਹੀਂ ਦਿੱਤੀਆਂ – ਹਰਜੋਤ ਬੈਂਸ

### ਸੁਖਬੀਰ ਬਾਦਲ ਨੂੰ ਪੰਜਾਬ ਪੁਲਿਸ ਅਤੇ ਅਧਿਕਾਰੀਆਂ 'ਤੇ ਭਰੋਸਾ ਨਹੀਂ ਸੀ, ਉਨ੍ਹਾਂ ਨੇ ਆਪਣੀ ਸੁਰੱਖਿਆ ਲਈ ਦੂਜੇ ਰਾਜਾਂ ਦੇ ਸਿਪਾਹੀ ਰੱਖੇ ਸਨ – ਬਲਤੇਜ ਪੰਨੂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਜੂਨ
INTERNATIONAL PAPER, 94636 01616
hardipchumber57@gmail.com

ਆਮ ਆਦਮੀ ਪਾਰਟੀ (AAP) ਨੇ ਸੁਖਬੀਰ ਬਾਦਲ ਦੇ ਮੁੱਖ ਸਕੱਤਰ ਨੂੰ ਅਧਿਕਾਰ ਦੀ ਜ਼ਿੰਮੇਵਾਰੀ ਦੇਣ ਸੰਬੰਧੀ ਬਿਆਨ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। 'AAP' ਆਗੂਆਂ ਨੇ ਕਿਹਾ ਕਿ ਸੁਖਬੀਰ ਬਾਦਲ ਇਸ ਮੁੱਦੇ 'ਤੇ ਘਟੀਆ ਰਾਜਨੀਤੀ ਕਰ ਰਹੇ ਹਨ ਅਤੇ ਜਾਣਬੁੱਝ ਕੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ।

'ਆਪ' ਆਗੂ ਅਤੇ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਕਿਹਾ ਕਿ ਸੁਖਬੀਰ ਬਾਦਲ, ਜਿਸਨੇ ਹਮੇਸ਼ਾ ਆਪਣੇ ਟਰਾਂਸਪੋਰਟ, ਹੋਟਲ ਅਤੇ ਹੋਰ ਕਾਰੋਬਾਰਾਂ ਲਈ ਪੰਜਾਬ ਦੇ ਹੱਕ ਵੇਚੇ, ਅੱਜ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਸਵਾਲ ਉਠਾ ਰਹੇ ਹਨ। ਇਹ ਬਿਲਕੁਲ ਹਾਸੋਹੀਣਾ ਹੈ।

ਉਨ੍ਹਾਂ ਕਿਹਾ ਕਿ ਸੁਖਬੀਰ ਬਾਦਲ ਨੂੰ ਆਪਣੀ ਸਰਕਾਰ ਦੌਰਾਨ ਭੂ-ਮਾਫੀਆ ਚਲਾਉਣਾ ਸੀ ਅਤੇ ਜ਼ਮੀਨਾਂ ਵਿੱਚ ਧੋਖਾਧੜੀ ਕਰਨੀ ਸੀ, ਇਸ ਲਈ ਉਨ੍ਹਾਂ ਨੇ ਇਸ ਨਾਲ ਸਬੰਧਤ ਸਾਰੇ ਅਧਿਕਾਰ ਆਪਣੇ ਕੋਲ ਰੱਖ ਰਖੇ ਸਨ, ਜਦੋਂ ਕਿ 'ਆਪ' ਸਰਕਾਰ ਨੇ ਪੰਜਾਬ ਦਾ ਵਿਕਾਸ ਕਰਨਾ ਹੈ ਅਤੇ ਲੋਕਾਂ ਨੂੰ ਸਹੂਲਤਾਂ ਪ੍ਰਦਾਨ ਕਰਨੀਆਂ ਹਨ, ਇਸ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ ਅਧਿਕਾਰ ਦੀ ਜ਼ਿੰਮੇਵਾਰੀ ਮੁੱਖ ਸਕੱਤਰ ਨੂੰ ਸੌਂਪ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਪਹਿਲਾਂ ਮੁੱਖ ਮੰਤਰੀ ਕੋਲ ਅਥਾਰਟੀ ਦੀ ਜ਼ਿੰਮੇਵਾਰੀ ਹੋਣ ਕਾਰਨ ਬਹੁਤ ਸਾਰੇ ਕੰਮ ਬੇਲੋੜੇ ਦੇਰੀ ਨਾਲ ਹੁੰਦੇ ਸਨ। ਹੁਣ ਅਜਿਹੇ ਸਾਰੇ ਕੰਮ ਸਮੇਂ ਸਿਰ ਪੂਰੇ ਹੋ ਜਾਣਗੇ। ਇਸ ਫੈਸਲੇ ਪਿੱਛੇ ਸਾਡਾ ਉਦੇਸ਼ ਇਹ ਹੈ ਕਿ ਪੰਜਾਬ ਤੇਜ਼ੀ ਨਾਲ ਤਰੱਕੀ ਕਰੇ ਅਤੇ ਸੂਬੇ ਵਿੱਚ ਵੱਧ ਤੋਂ ਵੱਧ ਨਿਵੇਸ਼ ਆਵੇ। ਪਰ ਸੁਖਬੀਰ ਬਾਦਲ ਨੂੰ ਪੰਜਾਬ ਦਾ ਵਿਕਾਸ ਪਸੰਦ ਨਹੀਂ ਹੈ, ਇਸੇ ਲਈ ਉਹ ਇਸ ਮੁੱਦੇ 'ਤੇ ਰਾਜਨੀਤੀ ਕਰ ਰਹੇ ਹਨ।

ਬੈਂਸ ਨੇ ਸੁਖਬੀਰ ਬਾਦਲ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਕਿ ਅਜਿਹਾ ਮਾਡਲ ਸਿਰਫ਼ ਪੰਜਾਬ ਵਿੱਚ ਹੀ ਨਹੀਂ ਸਗੋਂ ਪੂਰੇ ਦੇਸ਼ ਵਿੱਚ ਹੈ। ਸੁਖਬੀਰ ਬਾਦਲ ਨੂੰ ਘੱਟੋ-ਘੱਟ ਇੱਕ ਉਦਾਹਰਣ ਦੇਣੀ ਚਾਹੀਦੀ ਹੈ ਜਿੱਥੇ ਅਜਿਹੇ ਅਥਾਰਟੀਆਂ ਦੇ ਚੇਅਰਮੈਨ ਮੁੱਖ ਮੰਤਰੀ ਹੋਣ। ਹਰੇਕ ਰਾਜ ਵਿੱਚ ਅਜਿਹੇ ਅਥਾਰਟੀਆਂ ਦੇ ਚੇਅਰਮੈਨ ਆਮ ਤੌਰ 'ਤੇ ਪ੍ਰਸ਼ਾਸਨਿਕ ਅਧਿਕਾਰੀ ਹੁੰਦੇ ਹਨ।



*ਸੁਖਬੀਰ ਬਾਦਲ ਨੂੰ ਪੰਜਾਬ ਪੁਲਿਸ ਅਤੇ ਅਧਿਕਾਰੀਆਂ 'ਤੇ ਭਰੋਸਾ ਨਹੀਂ ਸੀ, ਉਨ੍ਹਾਂ ਨੇ ਆਪਣੀ ਸੁਰੱਖਿਆ ਲਈ ਵੀ ਦੂਜੇ ਰਾਜਾਂ ਦੇ ਸਿਪਾਹੀ ਰੱਖੇ ਸਨ – ਬਲਤੇਜ ਪੰਨੂ*

'ਆਪ' ਆਗੂ ਬਲਤੇਜ ਪੰਨੂ ਨੇ ਕਿਹਾ ਕਿ ਸੁਖਬੀਰ ਬਾਦਲ ਨੂੰ ਪ੍ਰਸ਼ਾਸਕੀ ਮੁੱਦਿਆਂ 'ਤੇ ਬੋਲਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ ਕਿਉਂਕਿ ਪੰਜਾਬ ਦੇ ਲੋਕ ਉਨ੍ਹਾਂ ਦੇ ਕਾਰਜਕਾਲ ਦੌਰਾਨ ਸੱਤਾ ਦੀ ਦੁਰਵਰਤੋਂ ਨੂੰ ਕਦੇ ਨਹੀਂ ਭੁੱਲ ਸਕਦੇ।

# ਕੈਬਨਿਟ ਮੰਤਰੀ ਮੁੰਡੀਆਂ ਵੱਲੋਂ ਸਾਹਨੇਵਾਲ ਹਲਕੇ 'ਚ ਆਮ ਆਦਮੀ ਕਲੀਨਿਕ ਬੱਸ ਸੇਵਾ ਦਾ ਆਗਾਜ਼

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਜੂਨ INTERNATIONAL PAPER, 94636 01616 hardipchumber57@gmail.com




ਲੁਧਿਆਣਾ, 22 ਜੂਨ 2025 - ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਵੱਲੋਂ ਵਿਧਾਨ ਸਭਾ ਹਲਕਾ ਸਾਹਨੇਵਾਲ ਲਈ ਇੱਕ ਮੋਬਾਇਲ ਸਿਹਤ ਸੰਭਾਲ ਪਹਿਲਕਦਮੀ ਤਹਿਤ ਆਮ ਆਦਮੀ ਕਲੀਨਿਕ ਬੱਸ ਸੇਵਾ ਦੀ ਸ਼ੁਰੂਆਤ ਕੀਤੀ। ਇਹ ਨਵੀਨਤਾਕਾਰੀ ਕਲੀਨਿਕ ਆਨ ਵ੍ਹੀਲਜ਼ ਇੱਕ ਨਿਰਧਾਰਤ ਸਮਾਂ-ਸਾਰਣੀ ਅਨੁਸਾਰ ਰੋਜ਼ਾਨਾ ਪਿੰਡਾਂ ਅਤੇ ਵਾਰਡਾਂ ਦਾ ਦੌਰਾ ਕਰੇਗਾ, ਜਿਸ ਨਾਲ ਵਿਸ਼ਵ ਪੱਧਰੀ ਡਾਕਟਰੀ ਸੇਵਾਵਾਂ ਸਿੱਧੇ ਲੋਕਾਂ ਦੇ ਦਰਵਾਜ਼ਿਆਂ 'ਤੇ ਪਹੁੰਚ ਜਾਣਗੀਆਂ।

ਡਾਕਟਰ ਅਤੇ ਪੈਰਾਮੈਡਿਕਸ ਨਾਲ ਲੈਸ ਬੱਸ ਰਾਹੀਂ ਮੁਫ਼ਤ ਦਵਾਈਆਂ ਅਤੇ ਡਾਇਗਨੌਸਟਿਕ ਟੈਸਟ ਕੀਤੇ ਜਾਣਗੇ, ਜਿਸ ਵਿੱਚ ਬਜ਼ੁਰਗਾਂ ਅਤੇ ਬਿਮਾਰੀ ਕਾਰਨ ਆਉਣ-ਜਾਣ ਤੋਂ ਅਸਮਰੱਥ ਲੋਕਾਂ ਦੀ ਸੇਵਾ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਇਹ ਪਹਿਲਕਦਮੀ ਪੰਜਾਬ ਸਰਕਾਰ ਦੀ ਆਪਣੇ ਨਾਗਰਿਕਾਂ ਨੂੰ ਮੁਫਤ ਵਿੱਚ ਉੱਚ ਪੱਧਰੀ ਡਾਕਟਰੀ ਸਹੂਲਤਾਂ ਪ੍ਰਦਾਨ ਕਰਨ ਦੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ।

ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਸ਼ੁਰੂਆਤ 2022 ਦੀਆਂ ਚੋਣਾਂ ਦੌਰਾਨ ਲੋਕਾਂ ਨੂੰ ਸਭ ਤੋਂ ਵਧੀਆ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਲਈ ਕੀਤੇ ਗਏ ਇੱਕ ਮੁੱਖ ਵਾਅਦੇ ਨੂੰ ਪੂਰਾ ਕਰਦੀ ਹੈ। ਉਨ੍ਹਾਂ ਲੋਕਾਂ ਲਈ ਸਿਹਤ ਸਹੂਲਤਾਂ ਨੂੰ ਬਿਹਤਰ ਬਣਾਉਣ ਲਈ ਸਰਕਾਰ ਦੀ ਸਮਰਪਣ ਭਾਵਨਾ ਦੀ ਪੁਸ਼ਟੀ ਕਰਦਿਆਂ ਕਿਹਾ, 'ਅਸੀਂ ਹੁਣ ਹਰ ਵਾਅਦੇ ਨੂੰ ਕਦਮ-ਦਰ-ਕਦਮ ਪੂਰਾ ਕਰ ਰਹੇ ਹਾਂ'।

ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਵਿੱਚ ਵਿਸ਼ਵ ਪੱਧਰੀ ਸਿਹਤ ਬੁਨਿਆਦੀ ਢਾਂਚੇ ਨੂੰ ਯਕੀਨੀ ਬਣਾਉਣ ਲਈ ਨਿਰੰਤਰ ਅਤੇ ਸੁਹਿਰਦ ਯਤਨ ਕਰ ਰਹੀ ਹੈ।

# ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਲਈ ਰਹਿਣਗੇ ਯਤਨ ਲਗਾਤਾਰ ਜਾਰੀ : ਕੁਲਵੰਤ ਸਿੰਘ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਜੂਨ INTERNATIONAL PAPER, 94636 01616 hardipchumber57@gmail.com



ਮੋਹਾਲੀ 22 ਜੂਨ 2025 - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਨਸ਼ਾ ਮੁਕਤ ਪੰਜਾਬ ਬਣਾਉਣ ਦੇ ਲਈ ਲਗਾਤਾਰ ਯਤਨ ਜਾਰੀ ਹਨ ਅਤੇ ਅਗਾਂਹ ਵੀ ਜਾਰੀ ਰਹਿਣਗੇ, ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਜਿੱਥੇ ਨਸ਼ਾ ਤਸਕਰਾਂ ਨੂੰ ਪੰਜਾਬ ਭਰ ਦੇ ਵਿੱਚ ਨੱਥ ਪਾਈ ਜਾ ਰਹੀ ਰਹੀ ਹੈ, ਉੱਥੇ ਪ੍ਰਾਈਵੇਟ ਹਸਪਤਾਲਾਂ ਅਤੇ ਸੰਸਥਾਵਾਂ ਦੇ ਸਹਿਯੋਗ ਦੇ ਨਾਲ ਇਸ ਮੁਹਿੰਮ ਨੂੰ ਸਫਲਤਾਪੂਰਵਕ ਅਗਾਂਹ ਵਧਾਉਣ ਦੇ ਲਈ ਜਾਗਰੂਕਤਾ ਮੁਹਿੰਮ ਵੀ ਨਾਲੋ -ਨਾਲ ਜਾਰੀ ਹੈ, ਇਹ ਗੱਲ ਅੱਜ ਵਿਧਾਇਕ ਮੋਹਾਲੀ ਕੁਲਵੰਤ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਹੀ, ਵਿਧਾਇਕ ਕੁਲਵੰਤ ਸਿੰਘ ਚੀਮਾ ਹਸਪਤਾਲ ਫੇਸ-4 ਵਿਖੇ ਲਗਾਏ ਗਏ ਨਸ਼ਾ ਮੁਕਤੀ ਕੈਂਪ ਦੇ ਦੌਰਾਨ ਮਰੀਜ਼ਾਂ ਨਾਲ ਗੱਲਬਾਤ ਕਰ ਰਹੇ ਸਨ, ਕੁਲਵੰਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਤੰਦਰੁਸਤ ਪੰਜਾਬ- ਮੁਹਿੰਮ ਦੇ ਤਹਿਤ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਦੇ ਲਈ ਪ੍ਰਤੀਬੱਧ ਹੈ , ਵਿਧਾਇਕ ਕੁਲਵੰਤ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਾ ਤਸਕਰਾਂ ਦੇ ਵਿਰੁੱਧ ਸਖਤ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਨਸ਼ੇ ਵੇਚ ਅਤੇ ਪੰਜਾਬ ਦੀ ਜਵਾਨੀ ਨੂੰ ਖਰਾਬ ਕਰਕੇ ਕੀਤੇ ਉਹ ਸਾਰੇ ਗਏ ਘਰ ਵੀ ਢਾਹੇ ਜਾ ਰਹੇ ਹਨ ਅਤੇ ਨਸ਼ਾ ਤਸਕਰਾਂ ਦੀ ਪ੍ਰੋਪਰਟੀ ਨੂੰ ਬਕਾਇਦਾ ਸੀਜ ਕੀਤਾ ਜਾ ਰਿਹਾ ਹੈ।

ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਚੀਮਾ ਹਸਪਤਾਲ ਦੇ ਡਾਇਰੈਕਟਰ ਸੁਨੀਲ ਅਗਰਵਾਲ ਅਤੇ ਗੌਰਵ ਅਗਰਵਾਲ ਦੀ ਅਗਵਾਈ ਹੇਠ ਮੁਫਤ ਨਸ਼ਾ ਮੁਕਤੀ ਕੈਂਪ ਲਗਾਇਆ ਗਿਆ ਸੀ, ਜਿਸ ਵਿੱਚ ਸਵੇਰ ਵੇਲੇ ਤੋਂ ਹੀ ਨੌਜਵਾਨ ਅਤੇ ਉਨਾਂ ਦੇ ਨਜ਼ਦੀਕੀ ਪਹੁੰਚਣੇ ਸ਼ੁਰੂ ਹੋ ਚੁੱਕੇ ਸਨ, ਹਸਪਤਾਲ ਦੇ ਡਾਇਰੈਕਟਰ ਗੌਰਵ ਅਗਰਵਾਲ ਨੇ ਕਿਹਾ ਕਿ ਹਸਪਤਾਲ ਦੇ ਵਿੱਚ ਪੀੜਤਾਂ ਨੂੰ ਦਾਖਲ ਕਰਨ ਦੇ ਲਈ 15 ਬੈਡ ਹਸਪਤਾਲ ਦੀ ਤਰਫੋਂ ਰਾਖਵੇਂ ਰੱਖੇ ਗਏ ਹਨ, ਅਤੇ ਸਰਕਾਰ ਨੂੰ ਇਸ ਸਬੰਧੀ ਬਕਾਇਦਾ ਲਿਖਿਆ ਜਾ ਚੁੱਕਾ ਹੈ, ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਵਿੱਚ ਸਹਿਯੋਗ ਕਰਨ ਦੇ ਲਈ ਬਕਾਇਦਾ ਕੈਂਪਾਂ ਦਾ ਆਯੋਜਨ ਅਤੇ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ, ਡਾਕਟਰ ਗੌਰਵ ਅਗਰਵਾਲ ਨੇ ਕਿਹਾ ਕਿ ਅਗਾਂਹ ਵੀ ਪੰਜਾਬ ਸਰਕਾਰ ਨੂੰ ਸਹਿਯੋਗ ਕਰਨ ਦੇ ਲਈ ਅਜਿਹੇ ਮੁਫਤ ਜਾਗਰੂਕਤਾ ਕੈਂਪ ਲਗਾਏ ਜਾਂਦੇ ਰਹਿਣਗੇ, ਇਸ ਮੌਕੇ ਤੇ ਸੰਜੀਵ ਸ਼ਰਮਾ, ਡਾਕਟਰ ਮਨਤਾਜ ਕੌਰ ਢਿੱਲੋਂ , ਸਾਬਕਾ ਕੌਂਸਲਰ ਗੁਰਮੁਖ ਸਿੰਘ ਸੋਹਲ, ਡਾਕਟਰ ਕੁਲਦੀਪ ਸਿੰਘ,, ਅਮਰਜੀਤ ਸਿੰਘ ਪਾਹਵਾ- ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਫੇਸ-4, ਹਰਜਿੰਦਰ ਸਿੰਘ ਸੋਹਲ ,ਪ੍ਰੇਮ ਸਿੰਘ ਢਿੱਲੋ, ਹਰਵਿੰਦਰ ਸਿੰਘ ਸੈਣੀ, ਹਰਪਾਲ ਸਿੰਘ ਚੰਨਾ, ਜਸਪਾਲ ਸਿੰਘ ਮਟੌਰ, ਬਲਜੀਤ ਸਿੰਘ ਹੈਪੀ, ਵੀ ਹਾਜ਼ਰ ਸਨ।

# ਸੀਟੂ ਨੇ ਪੰਜਾਬ ਸਰਕਾਰ ਦੇ ਅੰਨੇਵਾਹ ਮਜ਼ਦੂਰ ਵਿਰੋਧੀ ਫੈਸਲਿਆਂ ਦੀ ਕੀਤੀ ਸਖਤ ਨਿਖੇਧੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਜੂਨ INTERNATIONAL PAPER, 94636 01616 hardipchumber57@gmail.com



ਸੰਗਰੂਰ,22 ਜੂਨ (ਜਗਸੀਰ ਸਿੰਘ)- ਸੀਟੂ ਨੇ ਪੰਜਾਬ ਦੀ ਕੈਬਨਿਟ ਵੱਲੋਂ 21 ਜੂਨ ਦੀ ਮੀਟਿੰਗ ਵਿੱਚ ਮਜ਼ਦੂਰ ਹਿੱਤਾਂ ਦਾ ਘਾਣ ਕਰਨ ਅਤੇ ਪ੍ਰਾਈਵੇਟ ਪੂੰਜੀਪਤੀਆਂ ਦੇ ਹਿੱਤਾਂ ਦੀ ਪੂਰਤੀ ਲਈ ਕਈ ਫੈਸਲੇ ਕੀਤੇ ਹਨ ।ਇਹ ਕੀਤੀਆਂ ਸੋਧਾਂ ਪੰਜਾਬ ਫਾਇਰ ਅਤੇ ਹੰਗਾਮੀ ਸੇਵਾਵਾਂ, ਫੈਕਟਰੀ ਨਿਯਮਾਂ ਅਤੇ ਪੰਜਾਬ ਲੇਬਰ ਵੈਲਫੇਅਰ ਕਾਨੂੰਨ ਵਿੱਚ ਕੀਤੀਆਂ ਗਈਆਂ ਹਨ ਅਤੇ ਇਹ ਸੋਧਾਂ ਸਾਰੀਆਂ ਮਜ਼ਦੂਰ ਪ੍ਰਤੀਨਿੱਧ ਯੂਨੀਅਨਾਂ ਨੂੰ ਹਨੇਰੇ ਵਿੱਚ ਰੱਖ ਕੇ ਕੀਤੀਆਂ ਗਈਆਂ ਹਨ । ਸੀਟੂ ਦੇ ਸੂਬਾਈ ਪ੍ਰਧਾਨ ਮਹਾਂ ਸਿੰਘ ਰੌੜੀ, ਜਨਰਲ ਸਕੱਤਰ ਚੰਦਰ ਸ਼ੇਖਰ ਅਤੇ ਸੂਬਾਈ ਸਕੱਤਰ ਸਾਥੀ ਅਮਰਨਾਥ ਕੂੰਮਕਲਾਂ ਨੇ ਸਰਕਾਰ ਦੀ ਇਸ ਮਜ਼ਦੂਰ ਮਾਰੂ ਨੀਤੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

ਸੀਟੂ ਆਗੂਆਂ ਨੇ ਫੈਸਲਿਆਂ ਦਾ ਵੇਰਵਾ ਦਿੰਦਿਆਂ ਕਿਹਾ ਕਿ ਕੁਝ ਦਿਨ ਪਹਿਲਾਂ ਪੰਜਾਬ ਸਰਕਾਰ ਨੇ ਸ਼ਾਪ ਅਤੇ ਹੋਰ ਵਪਾਰਿਕ ਅਦਾਰਿਆਂ ਕੰਮ ਦੇ ਘੰਟੇ 8 ਤੋਂ 12 ਘੰਟੇ ਅਤੇ ਤਿੰਨ ਮਹੀਨਿਆਂ ਦੌਰਾਨ 50 ਤੋਂ ਵਧਾਕੇ 144 ਘੰਟੇ ਤੱਕ ਕਰਨ ਦੀ ਖੁੱਲ ਦਿੱਤੀ ਸੀ। ਜਦ ਕਿ ਹੁਣ ਫੈਕਟਰੀ ਅਤੇ ਹੋਰ ਕਾਰੋਬਾਰੀ ਸਰਮਾਏਦਾਰਾਂ ਨਵੀਆਂ ਉਸਾਰੀਆਂ ਵਿਚ ਫਾਇਰ ਕੰਟਰੋਲ ਅਧਿਕਾਰੀਆਂ ਦੀ ਪਹਿਲਾਂ ਮੰਜ਼ੂਰੀ ਤੋਂ ਬਿਨਾਂ ਨਿਰਮਾਣ ਕਰਨ ਦੀ ਖੁੱਲ ਦੇ ਦਿੱਤੀ ਹੈ, ਫੈਕਟਰੀ ਐਕਟ -1948 ਵਿੱਚ ਮਜ਼ਦੂਰਾਂ ਦੀ ਜ਼ਿੰਦਗੀਆਂ ਨੂੰ ਖ਼ਤਰੇ ਚ' ਪਾਉਣ ਫੈਕਟਰੀ ਐਕਟ ਵਿੱਚ ਮਾਰੂ ਸੋਧਾਂ ਕਰਨ ਦੇ ਤੁਗਲਕੀ ਫਰਮਾਨ ਜਾਰੀ ਕਰ ਦਿੱਤੇ ਹਨ। ਕੈਮੀਕਲ ਫੈਕਟਰੀਆਂ ਲਈ ਟਰੈਜਡੀ ਤੋਂ ਬਾਅਦ ਕੀਤੇ ਸੁਧਾਰਾਂ ਦੀ ਜੱਖਣਾ ਪੁੱਟ ਕੇ ਰੱਖ ਦਿੱਤੀ ਹੈ। ਇਸੇ ਤਰ੍ਹਾਂ ਬਾਕੀ ਤਿੰਨ ਧਿਰੀ ਕਮੇਟੀਆਂ ਦੀ ਤਰ੍ਹਾਂ ਪੰਜਾਬ ਲੇਬਰ ਭਲਾਈ ਕਾਨੂੰਨ ਨੂੰ ਲਾਗੂ ਕਰਨ ਲਈ ਭਲਾਈ ਬੋਰਡ ਨੂੰ ਮੁੜ ਸਥਾਪਤ ਕਰਨ ਦੀ ਬਜਾਏ ਅਤੇ ਵਰਕਰਾਂ ਦੇ ਅਨਕਲੇਮਡ ਬਕਾਇਆ ਰਾਸ਼ੀਆਂ ਦੀ ਉਗਰਾਹੀ ਕਰਨ ਅਤੇ ਬੋਰਡ ਵਿੱਚ ਰਿਪੋਰਟ ਕਰਨ ਦੀ ਜ਼ਿੰਮੇਵਾਰੀ ਪੂਰੀ ਕਰਨ ਦੀ ਬਜਾਏ ਸਰਮਾਏਦਾਰ ਪੱਖੀ ਐਲਾਨ ਕਰ ਮਾਰੇ ਹਨ। ਸੀਟੂ ਆਗੂਆਂ ਨੇ ਇਹਨਾਂ ਸੋਧਾਂ ਦੀਆਂ ਥਾਂ -ਥਾਂ ਤੇ ਕਾਪੀਆਂ ਸਾੜਨ, ਮਜ਼ਦੂਰ ਜਮਾਤ ਨੂੰ ਜਾਗ੍ਰਿਤ ਕਰਨ ਅਤੇ 9 ਜੁਲਾਈ ਦੇ ਦੇਸ਼ ਪੱਧਰੀ ਹੜਤਾਲ ਵਿੱਚ ਇਹਨਾਂ ਮਸਲਿਆਂ ਦੇ ਹੱਲ ਲਈ ਵੀ ਮੰਗਾਂ ਵਿੱਚ ਸ਼ਾਮਲ ਕਰਨ ਦਾ ਐਲਾਨ ਕੀਤਾ ਹੈ।

# ਲਘੂ ਉਦਯੋਗ ਭਾਰਤੀ ਦੀ ਅਹਿਮ ਮੀਟਿੰਗ ਹੋਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਜੂਨ INTERNATIONAL PAPER, 94636 01616 hardipchumber57@gmail.com



ਸੰਗਰੂਰ,22 ਜੂਨ ( ਜਗਸੀਰ ਲੌਂਗੋਵਾਲ)-

ਪ੍ਰਦੀਪ ਮੈਨਨ, ਸਟੇਟ ਏਗਜ਼ਿਕਿਊਟਿਵ ਮੈਂਬਰ, ਲਘੂ ਉਦਯੋਗ ਭਾਰਤੀ ਨੇ ਦੱਸਿਆ ਕਿ ਲਘੂ ਉਦਯੋਗ ਭਾਰਤੀ ਦੀ ਮੀਟਿੰਗ ਅੱਜ ਹੋਟਲ ਸਟੈਲਾ, ਗੌਰਾਇਆ ਵਿੱਚ ਹੋਈ। ਇਸ ਮੀਟਿੰਗ ਵਿੱਚ ਪੰਜਾਬ ਦੇ ਵੱਖ-ਵੱਖ ਇਲਾਕਿਆਂ ਤੋਂ ਆਏ ਏਗਜ਼ਿਕਿਊਟਿਵ ਮੈਂਬਰ ਵੱਖ-ਵੱਖ ਉਦਯੋਗਕ ਮਸਲਿਆਂ ਨੂੰ ਲੈ ਕੇ ਪਹੁੰਚੇ। ਉਨ੍ਹਾਂ ਦੀਆਂ ਗੱਲਾਂ ਨੂੰ ਧਿਆਨ ਨਾਲ ਸੁਣਨ ਤੋਂ ਬਾਅਦ ਲਘੂ ਉਦਯੋਗ ਭਾਰਤੀ ਦੇ ਰਾਸ਼ਟਰੀ ਉਪ ਪ੍ਰਧਾਨ ਸ਼੍ਰੀ ਅਰਵਿੰਦ ਧੂਮਲ ਜੀ ਨੇ ਉਨ੍ਹਾਂ ਮਸਲਿਆਂ ਦੇ ਹੱਲ ਬਾਰੇ ਵਿਚਾਰ-ਵਟਾਂਦਰਾ ਕੀਤਾ ਅਤੇ ਇਹ ਭਰੋਸਾ ਦਿੱਤਾ ਕਿ ਇਹ ਸਾਰੇ ਮਾਮਲੇ ਕੇਂਦਰ ਸਰਕਾਰ ਤੱਕ ਪਹੁੰਚਾਏ ਜਾਣਗੇ ਉਨ੍ਹਾਂ ਦੱਸਿਆ ਕਿ ਜਲਦੀ ਹੀ ਲਘੂ ਉਦਯੋਗ ਭਾਰਤੀ ਦੇ ਰਾਸ਼ਟਰੀ ਅਧਿਆਕਸ਼ ਅਤੇ ਕੇਂਦਰੀ ਟੀਮ ਸੁਨਾਮ ਆਉਣਗੇ, ਤਾਂ ਜੋ ਇਥੋਂ ਦੇ ਉਦਯੋਗਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਸੁਣਿਆ ਜਾ ਸਕੇ ਅਤੇ ਉਨ੍ਹਾਂ ਦੇ ਹੱਲ ਲਈ ਢੰਗ ਦੀ ਕਾਰਵਾਈ ਕੀਤੀ ਜਾ ਸਕੇ ਪ੍ਰਦੀਪ ਮੈਨਨ ਨੇ ਇਹ ਵੀ ਕਿਹਾ ਕਿ ਧੂਮਲ ਪਰਿਵਾਰ ਕਾਫੀ ਸਮੇਂ ਤੋਂ ਲਘੂ ਉਦਯੋਗ ਸੇਕਟਰ ਵਿੱਚ ਆਪਣੀ ਸੇਵਾ ਦੇ ਰਿਹਾ ਹੈ। ਅਰਵਿੰਦ ਜੀ ਦੇ ਪਿਤਾ, ਸ੍ਰੀਮਾਨ ਠਾਕੁਰ ਰੂਪ ਸਿੰਘ ਜੀ ਨੇ ਵੀ ਪੰਜਾਬ ਦੀ ਇੰਡਸਟਰੀ ਲਈ ਬਹੁਤ ਯੋਗਦਾਨ ਦਿੱਤਾ। ਉਨ੍ਹਾਂ ਦੀ ਹੀ ਪ੍ਰੇਰਨਾ ਨਾਲ ਜੈਣ ਸਾਹਿਬ ਨੇ ਮੈਨੂੰ ਸਟੇਟ ਏਗਜ਼ਿਕਿਊਟਿਵ ਮੈਂਬਰ ਬਣਾਇਆ। ਉਨ੍ਹਾਂ ਦੇ ਪਰਿਵਾਰ ਤੋਂ ਪ੍ਰੇਮ ਧੂਮਲ ਜੀ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ ਅਤੇ ਅਨੁਰਾਗ ਠਾਕੁਰ ਕੇਂਦਰੀ ਮੰਤਰੀ ਰਹਿ ਚੁੱਕੇ ਹਨ । ਇਹ ਪਹਿਲੀ ਵਾਰੀ ਹੋਵੇਗਾ ਕਿ ਰਾਸ਼ਟਰੀ ਪੱਧਰ ਦੇ ਲਘੂ ਉਦਯੋਗ ਭਾਰਤੀ ਦੇ ਆਗੂ ਸਾਡੇ ਸ਼ਹਿਰ ਵਿੱਚ ਆਉਣਗੇ ਅਤੇ ਇਥੋਂ ਦੀ ਉਦਯੋਗਿਕ ਹਾਲਤ ਨੂੰ ਸੁਧਾਰਨ ਅਤੇ ਆ ਰਹੀਆਂ ਸਮੱਸਿਆਵਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨਗੇ ਅਸ਼ੋਕ ਗੁਪਤਾ ਜੀ ਨੇ ਪਿਛਲੇ 2 ਸਾਲਾਂ ਤੋਂ ਪੰਜਾਬ ਵਿੱਚ ਲਘੂ ਉਦਯੋਗ ਭਾਰਤੀ ਦੇ ਕੰਮ ਦੀ ਜ਼ਿੰਮੇਵਾਰੀ ਨਿਭਾਈ ਜਿਸ 'ਤੇ ਸਭ ਨੇ ਉਨ੍ਹਾਂ ਨੂੰ ਵਧਾਈ ਦਿੱਤੀ। ਹੁਣ ਅਗਲੇ 2 ਸਾਲਾਂ ਲਈ ਇਹ ਜ਼ਿੰਮੇਵਾਰੀ ਪ੍ਰਦੀਪ ਮੋਂਗੀਆ ਜੀ ਨੂੰ ਸੌਂਪੀ ਗਈ। ਮੋਂਗੀਆ ਜੀ ਇਕ ਮਿਹਨਤੀ ਨੇਤਾ ਰਹੇ ਹਨ ਅਤੇ ਉਨ੍ਹਾਂ ਦੀ ਅਗਵਾਈ ਹੇਠ ਪੰਜਾਬ ਦੀ ਉਦਯੋਗਿਕ ਸਮੱਸਿਆਵਾਂ ਦੇ ਹੱਲ ਅਤੇ ਕੇਂਦਰ ਤੱਕ ਉਨ੍ਹਾਂ ਦੀ ਪਹੁੰਚ ਨੂੰ ਲੈ ਕੇ ਉਮੀਦ ਜਤਾਈ ਗਈ ਮੈਡਮ ਸੀਮਾ ਧੂਮਲ ਨੂੰ ਉਪ ਪ੍ਰਧਾਨ ਪੰਜਾਬ, ਵਿਵੇਕ ਰਾਠੌਰ ਜੀ ਨੂੰ ਜਨਰਲ ਸਕੱਤਰ, ਅਨਿਲ ਸ਼ਰਮਾ ਨੂੰ ਜਨਰਲ ਸਕੱਤਰ, ਪੁਨੀਤ ਗੁਪਤਾ ਨੂੰ ਕੋਸ਼ਾਧਯਕਸ਼ ਅਤੇ ਸੁਰੇਸ਼ ਗੁਪਤਾ ਨੂੰ ਜੌਇੰਟ ਕੋਸ਼ਾਧਯਕਸ਼ ਬਣਾਇਆ ਗਿਆ ਜਲਦੀ ਹੀ ਪ੍ਰਦੀਪ ਮੋਂਗੀਆ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਜਾ ਕੇ ਲਘੂ, ਸੂਖਮ ਤੇ ਮੱਧਮ ਉਦਯੋਗਾਂ ਨਾਲ ਮੁਲਾਕਾਤ ਕਰਣਗੇ ਤਾਂ ਜੋ ਇਨ੍ਹਾਂ ਦੀਆਂ ਸਮੱਸਿਆਵਾਂ ਸੁਣ ਕੇ ਉਨ੍ਹਾਂ ਲਈ ਢੁਕਵਾਂ ਹੱਲ ਲੱਭਿਆ ਜਾ ਸਕੇ ਅਤੇ ਪੰਜਾਬ ਦੀ ਇੰਡਸਟਰੀ ਨੂੰ ਨਵੀ ਉਡਾਣ ਮਿਲ ਸਕੇ।

# ਪੁਲਿਸ ਵੱਲੋਂ ਵੱਡੀ ਕਾਰਵਾਈ, ਸੱਟਾ ਬਾਜ਼ਾਰ ਹੋਇਆ ਬੰਦ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਜੂਨ INTERNATIONAL PAPER, 94636 01616 hardipchumber57@gmail.com




ਜਗਰਾਉਂ/22/ਜੂਨ 2025 - ਲੁਧਿਆਣਾ ਦਿਹਾਤੀ ਪੁਲਿਸ ਨੇ ਸੱਟਾਂ ਬਾਜ਼ਾਰ ਦੇ ਵਪਾਰੀਆਂ 'ਤੇ ਕਾਰਵਾਈ ਕਰਦੇ ਹੋਏ ਦੁਕਾਨਾਂ ਨੂੰ ਬੰਦ ਕਰਵਾ ਦਿੱਤਾ, ਜੋ ਮਿਹਨਤੀ ਲੋਕਾਂ ਦੀ ਮਿਹਨਤ ਦੀ ਕਮਾਈ 'ਤੇ ਸੱਟਾ ਲਗਵਾ ਕੇ ਮੋਟੀ ਕਮਾਈ ਕਰਦੇ ਸਨ। ਤੁਹਾਨੂੰ ਦੱਸ ਦੇਈਏ ਕਿ ਪਹਿਲਾਂ ਹੀ ਸੱਟਾ ਬਾਜ਼ਾਰ ਨਾਲ ਸਬੰਧਤ ਖ਼ਬਰਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ ਜਿਸਦਾ ਪ੍ਰਭਾਵ ਹੁਣ ਜ਼ਮੀਨੀ ਪੱਧਰ 'ਤੇ ਵੀ ਦਿਖਾਈ ਦੇ ਰਿਹਾ ਹੈ। ਕੁਝ ਦਿਨ ਪਹਿਲਾਂ ਪ੍ਰਕਾਸ਼ਿਤ ਖ਼ਬਰਾਂ ਦਾ ਪ੍ਰਭਾਵ ਅੱਜ ਐਤਵਾਰ ਨੂੰ ਜਗਰਾਉਂ ਦੇ ਸੱਟਾ ਬਾਜ਼ਾਰ 'ਤੇ ਪੁਲਿਸ ਵੱਲੋਂ ਕੀਤੀ ਗਈ ਵੱਡੀ ਕਾਰਵਾਈ ਤੋਂ ਸਾਫ਼ ਦਿਖਾਈ ਦੇ ਰਿਹਾ ਹੈ। ਅੱਜ ਜਦੋਂ ਸੱਟਾ ਬਾਜ਼ਾਰ ਨਾਲ ਸਬੰਧਤ ਦੁਕਾਨਾਂ ਦਾ ਦੌਰਾ ਕੀਤਾ ਤਾਂ ਸਾਰੀਆਂ ਦੁਕਾਨਾਂ ਬੰਦ ਪਾਈਆਂ ਗਈਆਂ। ਜਦੋਂ ਆਲੇ-ਦੁਆਲੇ ਦੇ ਲੋਕਾਂ ਤੋਂ ਇਸ ਬਾਰੇ ਪੁੱਛਿਆ ਗਿਆ ਤਾਂ ਲੋਕਾਂ ਨੇ ਕਿਹਾ ਕਿ ਅੱਜ ਪੁਲਿਸ ਨੇ ਸੱਟਾ ਬਾਜ਼ਾਰ ਨਾਲ ਸਬੰਧਤ ਵਪਾਰੀਆਂ ਵਿਰੁੱਧ ਕਾਰਵਾਈ ਕੀਤੀ ਹੈ, ਇਸੇ ਲਈ ਅੱਜ ਸੱਟਾ ਬਾਜ਼ਾਰ ਨਾਲ ਸਬੰਧਤ ਸਾਰੀਆਂ ਦੁਕਾਨਾਂ ਬੰਦ ਹਨ। ਹੁਣ ਆਉਣ ਵਾਲਾ ਸਮਾਂ ਦੱਸੇਗਾ ਕਿ ਇਹ ਸੱਟਾ ਬਾਜ਼ਾਰ ਇੱਕ ਵਾਰ ਪਹਿਲਾਂ ਵੀ ਬੰਦ ਹੋਇਆ ਸੀ ਅਤੇ ਹੁਣ ਦੂਸਰੀ ਵਾਰ ਬੰਦ ਹੋਇਆ ਹੈ ਕੀ ਹੁਣ ਇਹ ਪੱਕੇ ਤੌਰ ਤੇ ਬੰਦ ਰਹੇਗਾ ਜਾਂ ਫਿਰ ਹੋਵੇਗੀ ਸਟਾ ਵਪਾਰੀਆਂ ਦੀ ਚਾਂਦੀ।

# ਲੁਧਿਆਣਾ: ਸ਼ਹਿਰ ਦੇ ਆਰਕੀਟੈਕਟ ਜਿਊਰੀ ਵਿੱਚ ਸ਼ਾਮਲ ਹੋਏ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਜੂਨ INTERNATIONAL PAPER, 94636 01616 hardipchumber57@gmail.com

ਚੰਡੀਗੜ੍ਹ ਵਿੱਚ ਆਈਡੀਈਐਸੀ (ਇਨਫਰਾਸਟ੍ਰਕਚਰ, ਡਿਵੈਲਪਮੈਂਟ, ਆਰਕੀਟੈਕਚਰ ਅਤੇ ਕੰਸਟਰਕਸ਼ਨ) ਵੱਲੋਂ ਆਯੋਜਿਤ 'ਇੰਟੈਲੀਜੈਂਟ ਸੀਰੀਜ਼ 2025' ਦੇ 50ਵੇਂ ਐਡੀਸ਼ਨ ਵਿੱਚ ਪ੍ਰਮੁੱਖ ਆਰਕੀਟੈਕਟ ਸੰਜੇ ਗੋਇਲ ਜਿਊਰੀ ਵਿੱਚ ਸਨ।

ਆਈਡੀਈਐਸੀ ਇੰਟੈਲੀਜੈਂਸ ਸੀਰੀਜ਼ ਭਾਰਤ ਅਤੇ ਮੱਧ ਪੂਰਬ ਦੇ ਪੇਸ਼ੇਵਰਾਂ ਨੂੰ ਗਿਆਨ ਦਾ ਆਦਾਨ-ਪ੍ਰਦਾਨ ਕਰਨ, ਨਵੀਨਤਾ ਦੀ ਪੜਚੋਲ ਕਰਨ ਅਤੇ ਉਦਯੋਗ ਦੇ ਰੁਝਾਨਾਂ 'ਤੇ ਚਰਚਾ ਕਰਨ ਲਈ ਜੋੜਨ ਵਾਲੀ ਇੱਕ ਪ੍ਰਮੁੱਖ ਕਾਨਫਰੰਸ ਹੈ।



# ਡਾ. ਭੀਮ ਰਾਓ ਅੰਬੇਡਕਰ ਜੀ ਨੇ ਭਾਰਤ ਦੇ ਹਰ ਧਰਮ ਹਰ ਮਜ਼ਬ ਨੂੰ ਬਰਾਬਰ ਦੇ ਹੱਕ ਲੈ ਕੇ ਦਿੱਤੇ ਹਨ : ਬੇਗਮਪੁਰਾ ਟਾਈਗਰ ਫੋਰਸ

## ਭਾਰਤੀ ਸੰਵਿਧਾਨ ਨੂੰ ਵਰਲਡ ਦੇ ਸਵਿਧਾਨਾ ਵਿੱਚੋ ਸਭ ਤੋਂ ਉੱਤਮ ਸੰਵਿਧਾਨ ਵਜੋਂ ਮੰਨਿਆ ਗਿਆ ਹੈ : ਪੰਜਾਬ ਪ੍ਰਧਾਨ ਬੀਰਪਾਲ ਠਰੋਲੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਜੂਨ INTERNATIONAL PAPER, 94636 01616 hardipchumber57@gmail.com

ਹੁਸ਼ਿਆਰਪੁਰ 22 ਜੂਨ ( ਤਰਸੇਮ ਦੀਵਾਨਾ ) ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ ਨੇ ਕੁਝ ਚੋਣਵੇਂ ਪੱਤਰਕਾਰਾ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਗੱਲਬਾਤ ਕਰਦਿਆਂ ਕਿਹਾ ਕਿ ਭਾਰਤੀ ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਭਾਰਤ ਦੇ ਹਰ ਧਰਮ ਹਰ ਮਜ਼ਬ ਨੂੰ ਸਵਿਧਾਨ ਰਾਹੀ ਬਰਾਬਰ ਦੇ ਹੱਕ ਲੈ ਕੇ ਦਿੱਤੇ ਹਨ । ਉਹਨਾਂ ਕਿਹਾ ਕਿ ਬੇਗਮਪੁਰਾ ਟਾਈਗਰ ਫੋਰਸ ਪੂਰੇ ਪੰਜਾਬ ਵਿੱਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਪੂਰੀ ਲਗਨ ਤੇ ਸੁਹਿਰਦਤਾ ਨਾਲ ਕੰਮ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਦੁਆਰਾ ਕੀਤੀਆਂ ਗਈਆਂ ਨਿਰਸਵਾਰਥ ਸੇਵਾਵਾਂ ਨੂੰ ਭਾਰਤ ਦੇ ਲੋਕਾਂ ਵੱਲੋਂ ਬੜੀ ਸ਼ਿੱਦਤ ਨਾਲ ਉਹਨਾਂ ਨੂੰ ਯਾਦ ਕੀਤਾ,ਜਾਂਦਾ ਹੈ ਉਹਨਾਂ ਕਿਹਾ ਕਿ ਭਾਰਤ ਦੇ ਸੰਵਿਧਾਨ ਦੇ ਰਚੇਤਾ ਅਤੇ ਦੱਬੇ-ਕੁਚਲੇ ਲੋਕਾਂ ਲਈ ਲੜਨ ਵਾਲੇ ਬਾਬਾ ਸਾਹਿਬ ਜੀ ਨੂੰ ਇੱਕ ਮਹਾਨ ਵਿਅਕਤੀ ਵਜੋਂ ਵੀ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੁਆਰਾ ਦਿੱਤੀ ਗਈ ਅਨੇਕਤਾ ਵਿੱਚ ਏਕਤਾ ਦੀ ਧਾਰਨਾ ਦਾ ਮੂਲ ਸਿਧਾਂਤ ਕਈ ਚੁਣੌਤੀਆਂ ਦੇ ਬਾਵਜੂਦ ਅੱਜ ਵੀ ਬਰਕਰਾਰ ਹੈ। ਉਹਨਾਂ ਕਿਹਾ ਕਿ ਭਾਰਤੀ ਸੰਵਿਧਾਨ ਨੂੰ ਵਰਲਡ ਦੇ ਸਭ ਤੋਂ ਵਧੀਆ ਸੰਵਿਧਾਨਾਂ ਵਿੱਚੋਂ ਇੱਕ ਮੰਨਿਆ ਗਿਆ ਹੈ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਜੀ ਵਲੋਂ ਲਿਖੇ ਸੰਵਿਧਾਨ ਵਿੱਚ ਭਾਰਤ ਦੇ ਹਰ ਨਾਗਰਿਕ,ਖਾਸ ਕਰਕੇ ਦੱਬੇ-ਕੁਚਲੇ ਲੋਕਾਂ ਦੇ ਅਧਿਕਾਰਾਂ ਦੀ ਲਗਾਤਾਰ ਰੱਖਿਆ ਦਾ ਪ੍ਰਬੰਧ ਕੀਤਾ ਹੈ। ਆਗੂਆਂ ਨੇ ਡਾ. ਭੀਮ ਰਾਓ ਅੰਬੇਡਕਰ ਜੀ ਨੂੰ ਯਾਦ ਕਰਦੇ ਹੋਏ ਕਿਹਾ ਕਿ ਸਾਨੂੰ ਅਜਿਹੀ ਮਹਾਨ ਸ਼ਖ਼ਸੀਅਤ ਨੂੰ ਇੱਕ ਵਿਸ਼ੇਸ਼ ਵਰਗ ਤੱਕ ਸੀਮਤ



ਨਹੀਂ ਰੱਖਣਾ ਚਾਹੀਦਾ। ਉਨ੍ਹਾਂ ਕਿਹਾ ਕਿ ਡਾ. ਅੰਬੇਡਕਰ ਜੀ ਦੁਆਰਾ ਬਣਾਇਆ ਗਿਆ ਸੰਵਿਧਾਨ ਸਾਰੇ ਵਰਗਾਂ ਨੂੰ ਬਰਾਬਰ ਸੁਰੱਖਿਆ ਪ੍ਰਦਾਨ ਕਰਦਾ ਹੈ। ਉਹਨਾ ਕਿਹਾ ਕਿ ਬੇਗਮਪੁਰਾ ਟਾਈਗਰ ਫੋਰਸ ਵਲੋਂ ਪਿੰਡਾਂ ਵਿੱਚ ਜਾਕੇ ਹਰੇਕ ਵਰਗ ਦੇ ਲੋਕਾਂ ਨੂੰ ਸੰਵਿਧਾਨ ਬਾਰੇ ਜਾਗਰੂਕ ਕੀਤਾ ਜਾਵੇਗਾ ਅਤੇ ਸੰਵਿਧਾਨ ਵਿਚ ਦਰਜ ਉਨ੍ਹਾਂ ਦੇ ਹੱਕਾਂ ਅਤੇ ਫ਼ਰਜ਼ਾਂ ਵਾਰੇ ਜਾਣੂ ਕਰਵਾਇਆ ਜਾਵੇਗਾ।

# ਰਤੀਆ ਪੁਲਿਸ ਵੱਲੋਂ ਵੱਡੀ ਕਾਰਵਾਈ: ਤਿੰਨ ਸਾਲ ਪੁਰਾਣੇ NDPS ਮਾਮਲੇ ਵਿੱਚ ਪੰਜਾਬ ਤੋਂ ਦੋਸ਼ੀ ਗ੍ਰਿਫ਼ਤਾਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਜੂਨ INTERNATIONAL PAPER, 94636 01616 hardipchumber57@gmail.com



ਰਤੀਆ/ਸੁਨੀਲ ਕੁਮਾਰ ਨਸ਼ਾ ਤਸਕਰਾਂ ਦੀ ਗ੍ਰਿਫ਼ਤਾਰੀ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ, ਪੁਲਿਸ ਸੁਪਰਡੈਂਟ ਸ੍ਰੀ ਸਿਧਾਂਤ ਜੈਨ, IPS ਦੀ ਅਗਵਾਈ ਹੇਠ, ਰਤੀਆ ਪੁਲਿਸ ਨੇ ਸਾਲ 2022 ਦੇ NDPS ਐਕਟ ਦੇ ਇੱਕ ਮਾਮਲੇ ਵਿੱਚ ਲੋੜੀਂਦੇ ਦੋਸ਼ੀ ਨੂੰ ਪੰਜਾਬ ਤੋਂ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਗ੍ਰਿਫ਼ਤਾਰ ਕੀਤੇ ਗਏ ਦੋਸ਼ੀ ਦੀ ਪਛਾਣ ਰਾਜਕੁਮਾਰ ਪੁੱਤਰ ਜੀਤ ਸਿੰਘ, ਵਾਸੀ ਪਿੰਡ ਕਨੁਈਆ ਹੁਸੈਨੀ, ਜ਼ਿਲ੍ਹਾ ਲੁਧਿਆਣਾ (ਪੰਜਾਬ) ਵਜੋਂ ਹੋਈ ਹੈ। ਪੁਲਿਸ ਨੇ ਦੋਸ਼ੀ ਦੇ ਕਬਜ਼ੇ ਵਿੱਚੋਂ ₹900 ਦੀ ਨਕਦੀ ਬਰਾਮਦ ਕੀਤੀ ਹੈ। ਉਸਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਹਿਸਾਰ ਜੇਲ੍ਹ ਭੇਜ ਦਿੱਤਾ ਗਿਆ ਹੈ। ਪੁਲਿਸ ਥਾਣਾ ਸਿਟੀ ਰਤੀਆ ਇੰਚਾਰਜ ਸਬ-ਇੰਸਪੈਕਟਰ ਰਣਜੀਤ ਸਿੰਘ ਨੇ ਦੱਸਿਆ ਕਿ ਇਹ ਮਾਮਲਾ ਐਂਟੀ ਨਾਰਕੋਟਿਕਸ ਸੈੱਲ ਫਤਿਹਾਬਾਦ ਵੱਲੋਂ ਸਾਲ 2022 ਵਿੱਚ ਦਰਜ ਕੀਤਾ ਗਿਆ ਸੀ। ਗਸ਼ਤ ਦੌਰਾਨ, ਐਸਆਈ ਮਹਿੰਦਰ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਇੱਕ ਸ਼ੱਕੀ ਨੌਜਵਾਨ ਰਾਜਪਾਲ ਸਿੰਘ ਪੁੱਤਰ ਜਗਨਨਾਥ ਨਿਵਾਸੀ ਬਾਦਲਗੜ੍ਹ, ਮੌਜੂਦਾ ਸਮੇਂ ਨਿਵਾਸੀ ਗੋਵਿੰਦ ਨਗਰ, ਖੁੱਡੇ, ਜ਼ਿਲ੍ਹਾ ਜਲੰਧਰ ਨੂੰ ਗ੍ਰਿਫ਼ਤਾਰ ਕੀਤਾ, ਜੋ ਕਿ ਮਾਡਲ ਟਾਊਨ, ਰਤੀਆ ਨੇੜੇ ਇੱਕ ਕੰਧ ਦੇ ਪਿੱਛੇ ਲੁਕਿਆ ਹੋਇਆ ਸੀ।

ਤਲਾਸ਼ੀ ਦੌਰਾਨ ਦੋਸ਼ੀ ਤੋਂ 10 ਗ੍ਰਾਮ 10 ਮਿਲੀਗ੍ਰਾਮ ਹੈਰੋਇਨ ਬਰਾਮਦ ਹੋਈ। ਦੋਸ਼ੀ ਖਿਲਾਫ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ। ਪੁੱਛਗਿੱਛ ਦੌਰਾਨ ਰਾਜਪਾਲ ਨੇ ਖੁਲਾਸਾ ਕੀਤਾ ਕਿ ਉਹ ਆਪਣੇ ਸਾਥੀ ਰਾਜਕੁਮਾਰ ਨਾਲ ਮਿਲ ਕੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਦਾ ਸੀ। ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਤੋਂ ਬਾਅਦ, ਜਾਂਚ ਅਧਿਕਾਰੀ ਪੀਐਸਆਈ ਕੰਵਰ ਸਿੰਘ ਨੇ ਹੁਣ ਰਾਜਪਾਲ ਦੇ ਸਾਥੀ ਰਾਜਕੁਮਾਰ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਣ ਦੀ ਪ੍ਰਕਿਰਿਆ ਪੂਰੀ ਕਰ ਲਈ ਹੈ।

# ਈ-ਰਿਕਸ਼ਾ ਚਾਲਕਾਂ ਨੇ ਆਪਣੀਆਂ ਮੰਗਾਂ ਸਬੰਧੀ ਐਸ.ਡੀ.ਐਮ ਨੂੰ ਮੰਗ ਪੱਤਰ ਸੌਂਪਿਆ, ਤਾਂ ਐਸ.ਡੀ.ਐਮ ਨੇ ਤੁਰੰਤ ਕਾਰਵਾਈ ਦੇ ਹੁਕਮ ਦਿੱਤੇ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਜੂਨ INTERNATIONAL PAPER, 94636 01616 hardipchumber57@gmail.com



ਰਤੀਆ/ਸੁਨੀਲ ਕੁਮਾਰ ਰਤੀਆ ਵਿੱਚ ਈ-ਰਿਕਸ਼ਾ ਚਲਾ ਕੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਨ ਵਾਲੇ ਡਰਾਈਵਰਾਂ ਨੇ ਅੱਜ ਰਤੀਆ ਐਸਡੀਐਮ ਨੂੰ ਮੰਗ ਪੱਤਰ ਦੇ ਕੇ ਰਤੀਆ ਦੇ ਨਵੇਂ ਬੱਸ ਸਟੈਂਡ ਦੇ ਨਾਲ ਬਣੇ ਰਿਕਸ਼ਾ ਸਟੈਂਡ ਨੂੰ ਖਾਲੀ ਕਰਨ ਦੀ ਮੰਗ ਕੀਤੀ ਹੈ ਅਤੇ ਐਸਡੀਐਮ ਨੇ ਈ-ਰਿਕਸ਼ਾ ਚਾਲਕਾਂ ਦੀ ਮੰਗ ਨੂੰ ਦੇਖਦੇ ਹੋਏ ਸਬੰਧਤ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਹਨ। ਹਾਲ ਹੀ ਵਿੱਚ, ਪੁਲਿਸ ਵੱਲੋਂ ਸੜਕ ਕਿਨਾਰੇ ਖੜ੍ਹੇ ਈ-ਰਿਕਸ਼ਾ ਨੂੰ ਕਬਜ਼ੇ ਵਿੱਚ ਲੈਣ ਤੋਂ ਬਾਅਦ, ਸਾਰੇ ਈ-ਰਿਕਸ਼ਾ ਚਾਲਕ ਸਿਟੀ ਪੁਲਿਸ ਸਟੇਸ਼ਨ ਰਤੀਆ ਪਹੁੰਚੇ ਅਤੇ ਸਟੇਸ਼ਨ ਇੰਚਾਰਜ ਨੂੰ ਮਿਲੇ। ਸਟੇਸ਼ਨ ਇੰਚਾਰਜ ਨੂੰ ਮੰਗ ਪੱਤਰ ਦੀ ਕਾਪੀ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਈ-ਰਿਕਸ਼ਾ ਸਟੈਂਡ ਨੂੰ ਖਾਲੀ ਕਰਨ ਦੀ ਮੰਗ ਕੀਤੀ ਹੈ ਤਾਂ ਜੋ ਕੋਈ ਵੀ ਈ-ਰਿਕਸ਼ਾ ਸੜਕ ਕਿਨਾਰੇ ਖੜ੍ਹਾ ਨਾ ਰਹੇ ਅਤੇ ਆਵਾਜਾਈ ਪ੍ਰਭਾਵਿਤ ਨਾ ਹੋਵੇ। ਰਿਕਸ਼ਾ ਚਾਲਕਾਂ ਨੇ ਕਿਹਾ ਕਿ ਉਹ ਆਮ ਲੋਕਾਂ ਦੀ ਸਹੂਲਤ ਲਈ ਈ-ਰਿਕਸ਼ਾ ਚਲਾਉਂਦੇ ਹਨ। ਜਿਸ ਜਗ੍ਹਾ 'ਤੇ ਈ-ਰਿਕਸ਼ਾ ਸਟੈਂਡ ਬਣਾਇਆ ਗਿਆ ਹੈ, ਉਸ ਜਗ੍ਹਾ 'ਤੇ ਕੁਝ ਸਟਰੀਟ ਵਿਕਰੇਤਾਵਾਂ ਦਾ ਕਬਜ਼ਾ ਹੈ, ਜਿਸ ਕਾਰਨ ਉਹ ਆਪਣੇ ਰਿਕਸ਼ਾ ਸੜਕ ਦੇ ਕਿਨਾਰੇ ਖੜ੍ਹਾ ਕਰਨ ਲਈ ਮਜਬੂਰ ਹਨ, ਜਿਸ ਨਾਲ ਆਵਾਜਾਈ ਪ੍ਰਭਾਵਿਤ ਹੁੰਦੀ ਹੈ ਅਤੇ ਹਾਦਸਿਆਂ ਦਾ ਵੀ ਡਰ ਰਹਿੰਦਾ ਹੈ। ਈ-ਰਿਕਸ਼ਾ ਚਾਲਕਾਂ ਨੇ ਦੱਸਿਆ ਕਿ ਪੁਲਿਸ ਅਧਿਕਾਰੀ ਨਵੇਂ ਬੱਸ ਸਟੈਂਡ ਦੇ ਨੇੜੇ ਪੈਦਲ ਗਸ਼ਤ ਕਰ ਰਹੇ ਸਨ ਅਤੇ ਈ-ਰਿਕਸ਼ਾ ਸੜਕ ਦੇ ਕਿਨਾਰੇ ਖੜ੍ਹਾ ਸੀ, ਜਿਸ ਕਾਰਨ ਪੁਲਿਸ ਨੇ ਈ-ਰਿਕਸ਼ਾ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਉਨ੍ਹਾਂ ਕਿਹਾ ਕਿ ਮੰਗ ਪੱਤਰ ਦੀ ਕਾਪੀ ਐਸਡੀਐਮ ਨੂੰ ਸੌਂਪ ਕੇ ਉਨ੍ਹਾਂ ਨੇ ਨਿਰਧਾਰਤ ਸਟੈਂਡ 'ਤੇ ਈ-ਰਿਕਸ਼ਾ ਪਾਰਕ ਕਰਨ ਦੀ ਇਜਾਜ਼ਤ ਮੰਗੀ ਹੈ ਤਾਂ ਜੋ ਕਿਸੇ ਨੂੰ ਕੋਈ ਮੁਸ਼ਕਲ ਨਾ ਆਵੇ। ਈ-ਰਿਕਸ਼ਾ ਚਾਲਕਾਂ ਨੇ ਪੁਲਿਸ ਨੂੰ ਸਹਿਯੋਗ ਦੀ ਅਪੀਲ ਵੀ ਕੀਤੀ ਹੈ। ਇਸ ਮੌਕੇ ਈ-ਰਿਕਸ਼ਾ ਚਾਲਕ ਮਹਿੰਦਰ ਸਿੰਘ, ਸੁਨੀਲ ਕੁਮਾਰ, ਅਮਰੀਕ ਸਿੰਘ, ਬੰਟੀ, ਦਰਸ਼ਨ ਸਿੰਘ, ਰਾਜੇਸ਼ ਕੁਮਾਰ, ਧਰਮਿੰਦਰ, ਜਰਨੈਲ ਸਿੰਘ ਆਦਿ ਸਾਰੇ ਈ-ਰਿਕਸ਼ਾ ਚਾਲਕ ਮੌਜੂਦ ਸਨ।

# ਗੁਰਮਤਿ ਰਾਗੀ ਗ੍ਰੰਥੀ ਸਭਾ ਵਲੋਂ ਅੰਤਰਰਾਸ਼ਟਰੀ ਗੱਤਕਾ ਦਿਵਸ ਮਨਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਜੂਨ INTERNATIONAL PAPER, 94636 01616 hardipchumber57@gmail.com

ਸੰਗਰੂਰ,22 ਜੂਨ( ਜਗਸੀਰ ਲੌਂਗੋਵਾਲ )- ਹਰ ਸਾਲ ਦੀ ਤਰ੍ਹਾਂ ਗੁਰਮਤਿ ਪ੍ਰਚਾਰਕ ਗ੍ਰੰਥੀ ਰਾਗੀ ਸਭਾ ਸੰਗਰੂਰ ਵੱਲੋਂ ਗੁਰਦੁਆਰਾ ਸਾਹਿਬ ਕਿਸ਼ਨਪੁਰਾ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਅਤੇ ਗੁਰਮਤਿ ਪ੍ਰਚਾਰਕ ਗ੍ਰੰਥੀ ਰਾਗੀ ਸਭਾ ਦੇ ਪ੍ਰਧਾਨ ਭਾਈ ਬੱਚਿਤਰ ਸਿੰਘ ਕੈਨੇਡਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ, ਭਾਈ ਗੁਰਪ੍ਰੀਤ ਸਿੰਘ, ਭਾਈ ਕੁਲਵੰਤ ਸਿੰਘ ਬੁਰਜ ਅਤੇ ਭਾਈ ਬਿੱਕਰ ਸਿੰਘ ਪ੍ਰਧਾਨ ਗੁਰਦੁਆਰਾ ਕਮੇਟੀ ਦੀ ਦੇਖ ਰੇਖ ਹੇਠ ਅੰਤਰਰਾਸ਼ਟਰੀ ਗੱਤਕਾ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਤੇ ਜੰਡਸਰ ਗੱਤਕਾ ਅਖਾੜਾ ਖਡਿਆਲ ਦੇ ਜਥੇਦਾਰ ਗੁਰਤੇਜ ਸਿੰਘ ਅਤੇ ਵਿਦਿਆਰਥੀ ਦਮਦਮੀ ਟਕਸਾਲ ਤੇ ਨੌਜਵਾਨਾਂ ਅਤੇ ਭੁਜੰਗੀਆਂ ਵੱਲੋਂ ਸਿੱਖ ਮਾਰਸ਼ਲ ਆਰਟ ਗੱਤਕੇ ਦੇ ਵੱਖ ਵੱਖ ਹੈਰਾਨੀਜਨਕ ਜੌਹਰ ਵਿਖਾ ਕੇ ਵੱਡੀ ਗਿਣਤੀ ਵਿੱਚ ਹਾਜ਼ਰ ਦਰਸ਼ਕਾਂ ਵਿੱਚ ਜੋਸ਼ ਭਰ ਦਿੱਤਾ। ਭਾਈ ਗੁਰਧਿਆਨ ਸਿੰਘ ਸਕੱਤਰ ਦੇ ਸਟੇਜ ਸੰਚਾਲਨ ਅਧੀਨ ਗਤਕੇ ਦੌਰਾਨ ਸਿੰਘਾਂ ਵੱਲੋਂ ਕਵਿਤਾਵਾਂ, ਸ਼ੇਅਰਾਂ







ਰਾਹੀਂ ਬੀਰਰਸੀ ਮਾਹੌਲ ਬੰਨ੍ਹ ਦਿੱਤਾ ਜਿਸ ਦਾ ਸੰਗਤਾਂ ਵੱਲੋਂ ਜੈਕਾਰਿਆਂ ਦੀ ਗੂੰਜ ਵਿੱਚ ਉਤਸ਼ਾਹ ਵਧਾਇਆ।ਇਸ ਸਮਾਗਮ ਲਈ ਗੁਰਦੁਆਰਾ ਸਾਹਿਬਾਨ ਪ੍ਰਬੰਧਕ ਤਾਲਮੇਲ ਕਮੇਟੀ ਦੇ ਪ੍ਰਧਾਨ ਜਸਵਿੰਦਰ ਸਿੰਘ ਪ੍ਰਿੰਸ , ਹਰਪ੍ਰੀਤ ਸਿੰਘ ਪ੍ਰੀਤ ਜਨਰਲ ਸਕੱਤਰ ਤੋਂ ਇਲਾਵਾ ਸਭਾ ਦੇ ਮੈਂਬਰ ਭਾਈ ਸਵਰਨ ਸਿੰਘ ਜੋਸ਼, ਭਾਈ ਸਤਵਿੰਦਰ ਸਿੰਘ ਭੋਲਾ , ਭਾਈ ਰਣਜੀਤ ਸਿੰਘ ਕਾਲੇਕੇ ਹੈੱਡ ਗ੍ਰੰਥੀ ਗੁਰਦੁਆਰਾ ਸਾਹਿਬ , ਮਦਨਜੀਤ ਸਿੰਘ, ਹਰਸਿਮਰਜੀਤ ਸਿੰਘ, ਭਰਪੂਰ ਸਿੰਘ ਗੋਲਡੀ ਦਾ ਵਿਸ਼ੇਸ਼ ਸਹਿਯੋਗ ਰਿਹਾ।। ਇਸ ਮੌਕੇ ਵੱਖ ਵੱਖ ਸੰਸਥਾਵਾਂ ਦੇ ਮੁੱਖੀਆਂ ਰਾਜਵਿੰਦਰ ਸਿੰਘ ਲੱਕੀ ਮੁੱਖ ਸੇਵਾਦਾਰ ਸੀ੍ ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਹਰਜਨ ਸਿੰਘ ਭੱਟੀ ਸੀਨੀਅਰ ਮੀਤ ਪ੍ਰਧਾਨ, ਸੁਰਿੰਦਰ ਪਾਲ ਸਿੰਘ ਸਿਦਕੀ ਡਿਪਟੀ ਚੀਫ਼ ਆਰਗੇਨਾਈਜ਼ਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਭਾਈ ਜਗਤਾਰ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ ਹਰਿਗੋਬਿੰਦ ਪੁਰਾ, ਸੁਖਵਿੰਦਰ ਸਿੰਘ ਭਾਈ ਲਾਲੋ ਜੀ ਸੇਵਾ ਸੁਸਾਇਟੀ, ਸੁਖਦੇਵ ਸਿੰਘ ਰਤਨ ਪ੍ਰਧਾਨ ਗੁਰਦੁਆਰਾ ਬ੍ਰਹਮਗਿਆਨੀ ਭਗਤ ਨਾਮਦੇਵ ਜੀ, ਹਰਬੰਸ ਸਿੰਘ ਕੁਮਾਰ, ਗੁਰਮੀਤ ਸਿੰਘ ਖਜਾਨਚੀ ਗੁਰਦੁਆਰਾ ਸਾਹਿਬ ਸੰਤ ਪੁਰਾ ਤੋਂ ਇਲਾਵਾ ਭਾਈ ਸਤਪਾਲ ਸਿੰਘ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਭਾਈ ਮਲਕੀਤ ਸਿੰਘ ਸਿੱਖ ਜਥਾ ਮਾਲਵਾ, ਭੁਪਿੰਦਰ ਸਿੰਘ ਗਰੇਵਾਲ ਪ੍ਰਧਾਨ ਗੁਰਦੁਆਰਾ ਕਲਗੀਧਰ ਸਾਹਿਬ , ਸੀਤਾ ਗੋਲਡੀ, ਮਨਜੀਤ ਸਿੰਘ , ਹਰਫੂਲ ਸਿੰਘ, ਭਾਈ ਬਲਜੀਤ ਸਿੰਘ ਗੁਰਦੁਆਰਾ ਸਾਹਿਬ ਮਹਿਲ ਮੁਬਾਰਕ, ਪਲਵਿੰਦਰ ਸਿੰਘ, ਦਵਿੰਦਰ ਸਿੰਘ ਦੁਆਬੀਆ, ਭਾਈ ਸੁੰਦਰ ਸਿੰਘ ਗੁਰਦੁਆਰਾ ਸਾਹਿਬ ਗੁਰੂ ਨਾਨਕ ਪੁਰਾ, ਮੋਹਨ ਸਿੰਘ, ਭਾਈ ਹਰਜੀਤ ਸਿੰਘ ਭੁਤਗੜ੍ਹ ਗੁਰਦੁਆਰਾ ਸ਼ਾਹੀ ਸਮਾਧਾਂ, ਰਵਿੰਦਰ ਸਿੰਘ ਜੇਹਲ, ਈਮਾਨ ਪ੍ਰੀਤ ਸਿੰਘ ਸਮੇਤ ਬਸਤੀ ਅਤੇ ਇਲਾਕੇ ਦੇ ਪਤਵੰਤੇ ਸੱਜਣ ਅਤੇ ਸੰਗਤਾਂ ਨੇ ਇਸ ਗਤਕੇ ਅਖਾੜੇ ਨੂੰ ਵੇਖਿਆ ਅਤੇ ਪ੍ਰਬੰਧਕਾਂ ਦੀ ਸ਼ਲਾਘਾ ਕੀਤੀ। ਪ੍ਰਬੰਧਕਾਂ ਵੱਲੋਂ ਹਾਜ਼ਰ ਸਖ਼ਸ਼ੀਅਤਾਂ ਦਾ ਸਨਮਾਨ ਕੀਤਾ ਗਿਆ ਜਦੋਂ ਕਿ ਤਾਲਮੇਲ ਕਮੇਟੀ ਵੱਲੋਂ ਜਸਵਿੰਦਰ ਸਿੰਘ ਪ੍ਰਿੰਸ, ਗੁਰਪ੍ਰੀਤ ਸਿੰਘ ਰਾਮਪੁਰਾ, ਕੁਲਵੰਤ ਸਿੰਘ ਬੁਰਜ, ਰਾਜਵਿੰਦਰ ਸਿੰਘ ਲੱਕੀ, ਸੁਰਿੰਦਰ ਪਾਲ ਸਿੰਘ ਸਿਦਕੀ, ਹਰਪ੍ਰੀਤ ਸਿੰਘ ਪ੍ਰੀਤ ਗੁਰਮਤਿ ਰਾਗੀ ਗ੍ਰੰਥੀ ਸਭਾ ਦੇ ਨੁਮਾਇੰਦਿਆਂ ਨੇ ਗੁਰਤੇਜ ਸਿੰਘ ਖਡਿਆਲ, ਜਸਵਿੰਦਰ ਸਿੰਘ ਪ੍ਰਿੰਸ, ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਬਿੱਕਰ ਸਿੰਘ ਅਤੇ ਸੰਸਥਾਵਾਂ ਦੇ ਮੁੱਖੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।

# ਖੰਨਾ ਪੁਲਿਸ : ਨਾਈਟ ਡੋਮੀਨੇਸ਼ਨ ਮੁਹਿੰਮ ਤਹਿਤ ਖੰਨਾ ਪੁਲਿਸ ਦੀ ਚੌਕਸੀ , ਵੱਖ-ਵੱਖ ਥਾਣਿਆਂ ਅਤੇ ਟੀਮਾਂ ਦੀ ਕੀਤੀ ਜਾਂਚ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਜੂਨ INTERNATIONAL PAPER, 94636 01616 hardipchumber57@gmail.com



ਖੰਨਾ 22 ਜੂਨ 2025 : SSP ਖੰਨਾ ਜੋਤੀ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਤੇ ਸ਼ਹਿਰ ਵਿੱਚ ਕਾਨੂੰਨ-ਵਿਵਸਥਾ ਨੂੰ ਸੁਚੱਜਾ ਬਣਾਈ ਰੱਖਣ ਅਤੇ ਰਾਤ ਦੇ ਸਮੇਂ ਚੌਕਸੀ ਵਧਾਉਣ ਲਈ, ਖੰਨਾ ਪੁਲਿਸ ਵੱਲੋਂ "ਨਾਈਟ ਡੋਮੀਨੇਸ਼ਨ" ਮੁਹਿੰਮ ਚਲਾਈ ਗਈ , ਇਸ ਮੁਹਿੰਮ ਦੇ ਤਹਿਤ ਪੁਲਿਸ ਅਧਿਕਾਰੀਆਂ ਨੇ ਰਾਤ ਦੌਰਾਨ ਵੱਖ-ਵੱਖ ਥਾਣਿਆਂ, ਰੈਪਿਡ ਰੂਰਲ ਰਿਸਪਾਂਸ (RRR) ਟੀਮਾਂ ਅਤੇ ਪੀ.ਸੀ.ਆਰ (PCR) ਟੀਮਾਂ ਦੇ ਕੰਮਕਾਜ ਦੀ ਜਾਂਚ ਕੀਤੀ , ਇਸ ਦੌਰਾਨ ਉਨ੍ਹਾਂ ਨੇ ਨਾਕੇਬੰਦੀ, ਪੈਟਰੋਲਿੰਗ ਅਤੇ ਹੋਰ ਸੁਰੱਖਿਆ ਸਬੰਧੀ ਕਾਰਵਾਈਆਂ ਦੀ ਵੀ ਸਮੀਖਿਆ ਕੀਤੀ , ਫੋਰਸ ਨੂੰ ਜ਼ਮੀਨੀ ਪੱਧਰ 'ਤੇ ਚੁਸਤ ਤੇ ਸਚੇਤ ਰਹਿਣ ਲਈ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਗਈਆਂ , ਪੁਲਿਸ ਨੇ ਇਹ ਵੀ ਯਕੀਨੀ ਬਣਾਇਆ ਕਿ ਸ਼ਹਿਰ ਵਿੱਚ ਸ਼ਰਾਰਤੀ ਅਨਸਰਾਂ ਉੱਤੇ ਨਿਗਰਾਨੀ ਰੱਖੀ ਜਾਵੇ ਅਤੇ ਕਿਸੇ ਵੀ ਤਰ੍ਹਾਂ ਦੀ ਗੜਬੜ ਨੂੰ ਤੁਰੰਤ ਰੋਕਿਆ ਜਾਵੇ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 22 ਜੂਨ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

**ਬਾਬਾ ਸਾਹਿਬ ਕਹਿੰਦੇ ਹਨ**

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

**ਗੋਲਮੇਜ਼ ਕਾਨਫਰੰਸ ਹੋਣ ਤੋਂ ਪਹਿਲਾਂ 9, 10, 11 ਅਗਸਤ 1930 ਨੂੰ ਤਿੰਨ ਦਿਨਾਂ ਲਈ ਨਾਗਪੁਰ ਵਿੱਚ ਰਾਸ਼ਟਰ ਪੱਧਰ ਦਾ ਅਛੂਤ ਸਮੇਲਨ ਵਿਚ ਕੀਤਾ ਗਿਆ । ਇਸ ਵਿੱਚ ਲੰਡਨ ਵਿੱਚ ਹੋਣ ਵਾਲੀ ਗੋਲਮੇਜ਼ ਕਾਨਫਰੰਸ ਲਈ ਅਛੂਤਾਂ ਦੇ ਪ੍ਰਤੀਨਿਧੀਆਂ ਦੀਆਂ ਨਾਮਜ਼ਦਗੀਆਂ ਕੀਤੀਆਂ ਜਾਣੀਆਂ ਸਨ ਜਿੱਥੇ ਭਵਿੱਖ ਦੇ ਭਾਰਤੀ ਸੰਵਿਧਾਨ ਦੀ ਰੂਪਰੇਖਾ 'ਤੇ ਚਰਚਾ ਕੀਤੀ ਜਾਣੀ ਸੀ। ਅਜ਼ਾਦੀ ਦੇ ਬਾਅਦ ਜੋ ਵੀ ਸਮਾਜਿਕ**



**ਰਾਜਨੀਤਿਕ ਵਰਤਰਾ ਹੋਣ ਵਾਲੀ ਸੀ ਬਾਬਾ ਸਾਹਿਬ ਨੇ 20 ਸਾਲ ਪਹਿਲਾਂ ਹੀ ਵਾਰਨਿੰਗ ਦੇ ਦਿੱਤੀ ਸੀ। ਪੂਰੀ ਜਾਣਕਾਰੀ ਅਤੇ ਕੜੀ ਜੋੜਨ ਲਈ ਹਰ ਰੋਜ ਦੇ ਲੇਖ ਨੂੰ ਪੜ੍ਹਨਾ ਜਰੂਰੀ ਹੈ**

(ਕਲ੍ਹ ਦੇ ਲੇਖ ਦਾ ਬਾਕੀ ਭਾਗ)

### ਦਲਿਤ ਵਰਗ ਅਤੇ ਸਾਈਮਨ ਕਮਿਸ਼ਨ:

ਕਾਂਗਰਸ ਦੇ ਸਖ਼ਤ ਵਿਰੋਧ ਨੂੰ ਨਜ਼ਰਅੰਦਾਜ਼ ਕਰਦੇ ਹੋਏ, ਲਖਨਊ ਸਮਝੌਤੇ ਅਧੀਨ ਮੁਸਲਿਮ ਘੱਟ ਗਿਣਤੀਆਂ ਨੂੰ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਨਾਲੋਂ ਕਿਤੇ ਜ਼ਿਆਦਾ ਪ੍ਰਤੀਨਿਧਤਾ ਦੇਣ ਦੇ ਹੁਕਮ ਨੂੰ ਉਵੇਂ ਹੀ ਛੱਡ ਦਿੱਤਾ ਗਿਆ। ਕਮਿਸ਼ਨ ਨੇ ਭਾਰਤੀ ਈਸਾਈਆਂ, ਐਂਗਲੋ-ਇੰਡੀਅਨਾਂ ਅਤੇ ਯੂਰਪੀਅਨਾਂ ਨੂੰ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਨਾਲੋਂ ਕਿਤੇ ਜ਼ਿਆਦਾ ਤਰਜੀਹੀ ਵਿਵਹਾਰ ਦਿੱਤਾ ਹੈ। ਕੀ ਇਹ ਇੱਕ ਸ਼ਰਮਨਾਕ ਅਪਵਾਦ ਨਹੀਂ ਹੈ? ਰੁਕਾਵਟਾਂ ਨਾਲ ਘਿਰੇ ਇਸ ਸਮਾਜ ਪ੍ਰਤੀ ਹਮਦਰਦੀ ਦਿਖਾਉਣ ਤੋਂ ਦੂਰ, ਕੀ ਉਹ ਇੱਕ ਨਿਰਪੱਖ ਹਿੱਸੇ ਦੇ ਵੀ ਹੱਕਦਾਰ ਨਹੀਂ ਹਨ? ਇੱਥੋਂ ਤੱਕ ਕਿ ਭਾਰਤੀ ਕੇਂਦਰੀ ਕਮੇਟੀ ਨੇ ਵੀ ਦਲਿਤ ਵਰਗ ਨੂੰ ਉਨ੍ਹਾਂ ਦੀ ਆਬਾਦੀ ਦੇ ਅਨੁਪਾਤ ਵਿੱਚ ਪ੍ਰਤੀਨਿਧਤਾ ਦੇਣ ਦੀ ਸਿਫ਼ਾਰਸ਼ ਕੀਤੀ ਹੈ ਅਤੇ ਜੇਕਰ ਇਹ ਸਵੀਕਾਰ ਕਰ ਲਿਆ ਜਾਂਦਾ ਹੈ ਤਾਂ ਸਾਨੂੰ ਘੱਟੋ-ਘੱਟ ਹਰ ਘੱਟ ਗਿਣਤੀ ਦੇ ਬਰਾਬਰ ਮਿਲੇਗਾ।

21. ਕੇਂਦਰੀ ਪ੍ਰੀਸ਼ਦ ਦੇ ਦਰਵਾਜ਼ੇ ਸ਼ੁਰੂ ਤੋਂ ਹੀ ਦਲਿਤਾਂ ਲਈ ਬੰਦ ਰਹੇ ਹਨ ਅਤੇ ਜਦੋਂ 1921 ਵਿੱਚ ਪ੍ਰਸਿੱਧੀ ਦੇ ਆਧਾਰ 'ਤੇ ਨਵੇਂ ਨਿਯਮ ਬਣਾਏ ਗਏ ਸਨ, ਤਾਂ ਵੀ ਉਹ ਦਲਿਤਾਂ ਲਈ ਬੰਦ ਰਹੇ। 1926 ਤੱਕ ਦਲਿਤਾਂ ਲਈ ਕੁਝ ਨਹੀਂ ਹੋਇਆ, ਜਦੋਂ ਉਨ੍ਹਾਂ ਨੂੰ 150 ਮੈਂਬਰਾਂ ਵਾਲੀ ਵਿਧਾਨ ਸਭਾ ਵਿੱਚ ਇੱਕ ਮੈਂਬਰ ਚੁਣਨ ਦਾ ਅਧਿਕਾਰ ਦੇ ਕੇ ਉਨ੍ਹਾਂ 'ਤੇ ਇੱਕ ਅਹਿਸਾਨ ਕੀਤਾ ਗਿਆ। ਰਾਜ ਸਭਾ ਦੇ ਦਰਵਾਜ਼ੇ ਅਜੇ ਵੀ ਉਨ੍ਹਾਂ ਲਈ ਬੰਦ ਹਨ। ਸਾਈਮਨ ਕਮਿਸ਼ਨ ਨੇ ਦਲਿਤਾਂ ਲਈ ਕੇਂਦਰੀ ਪ੍ਰੀਸ਼ਦ ਵਿੱਚ ਕੁਝ ਸੀਟਾਂ ਲਈ ਪ੍ਰਬੰਧ ਕਰਕੇ ਇੱਕ ਕੋਸ਼ਿਸ਼ ਕੀਤੀ ਹੈ। ਪਰ ਇਹ ਪ੍ਰਬੰਧ ਸਿਰਫ਼ ਵਿਧਾਨ ਸਭਾ ਲਈ ਹਨ ਅਤੇ ਰਾਜ ਸਭਾ 'ਤੇ ਲਾਗੂ ਨਹੀਂ ਹੁੰਦੇ। ਜਦੋਂ ਕਿ ਮੈਂ ਉਨ੍ਹਾਂ ਦੁਆਰਾ ਦਿਖਾਈ ਗਈ ਦਿਆਲਤਾ ਲਈ ਉਨ੍ਹਾਂ ਦਾ ਧੰਨਵਾਦੀ ਹਾਂ, ਮੈਂ ਉਨ੍ਹਾਂ ਦੀ ਕੰਜੂਸੀ ਦੀ ਸ਼ਿਕਾਇਤ ਕਰਦਾ ਹਾਂ। ਤੁਹਾਨੂੰ ਯਾਦ ਹੋਵੇਗਾ ਕਿ ਜਿਸ ਸਮੇਂ ਸਾਈਮਨ ਕਮਿਸ਼ਨ ਦੀ ਨਿਯੁਕਤੀ ਕੀਤੀ ਗਈ ਸੀ, ਉਸ ਸਮੇਂ ਦਲਿਤ ਵਰਗ ਦੀ ਜਨਗਣਨਾ ਦਾ ਲੇਖਾ-ਜੋਖਾ ਕੀਤਾ ਗਿਆ ਸੀ ਜਿਸ ਵਿੱਚ ਸਾਰੇ ਲੋਕਾਂ ਅਤੇ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਜਨਗਣਨਾ ਵਿੱਚ ਪਾਏ ਗਏ ਦਲਿਤਾਂ ਦੀ ਗਿਣਤੀ ਅਸਲ ਆਬਾਦੀ ਤੋਂ ਵੱਧ ਸੀ। ਸਾਈਮਨ ਕਮਿਸ਼ਨ ਦੁਆਰਾ ਦਰਜ ਕੀਤੀ ਗਈ ਘੱਟੋ-ਘੱਟ ਦਲਿਤ ਆਬਾਦੀ ਬ੍ਰਿਟਿਸ਼ ਭਾਰਤ ਦੀ ਆਬਾਦੀ ਦਾ 20 ਪ੍ਰਤੀਸ਼ਤ ਪਾਈ ਗਈ ਸੀ। ਪਰ ਸਾਈਮਨ ਕਮਿਸ਼ਨ ਦੁਆਰਾ ਸੁਝਾਈ ਗਈ ਵਿਵਸਥਾ ਵਿਧਾਨ ਸਭਾ ਵਿੱਚ ਦਲਿਤਾਂ ਦੀ 8 ਪ੍ਰਤੀਸ਼ਤ ਤੱਕ ਪ੍ਰਤੀਨਿਧਤਾ ਲਈ ਹੈ ਅਤੇ ਰਾਜ ਸਭਾ ਵਿੱਚ ਪ੍ਰਤੀਨਿਧਤਾ ਦਾ ਕੋਈ ਜ਼ਿਕਰ ਨਹੀਂ ਹੈ।

22. ਮੈਂ ਸਾਈਮਨ ਕਮਿਸ਼ਨ ਦੁਆਰਾ ਸਾਡੇ ਦਾਅਵਿਆਂ ਅਤੇ ਜ਼ਰੂਰਤਾਂ ਦੇ ਇਸ ਯੋਜਨਾਬੱਧ ਘੱਟ ਮੁੱਲਾਂਕਣ ਨੂੰ ਸਮਝਣ ਤੋਂ ਅਸਮਰੱਥ ਹਾਂ। ਅਸੀਂ ਸਾਰੇ ਉਮੀਦ ਕਰਦੇ ਸੀ ਕਿ ਸਾਈਮਨ ਕਮਿਸ਼ਨ ਦਲਿਤਾਂ ਨੂੰ ਨਾ ਸਿਰਫ਼ ਇਨਸਾਫ਼ ਦੇਵੇਗਾ, ਸਗੋਂ ਦਇਆ ਦਿਖਾ ਕੇ ਉਨ੍ਹਾਂ ਨੂੰ ਹੋਰ ਵੀ ਦੇਵੇਗਾ। ਅਜਿਹੀ ਦਇਆ ਦਿਖਾਉਣ ਦੇ ਕਾਰਨਾਂ ਦੀ ਕੋਈ ਕਮੀ ਨਹੀਂ ਸੀ। ਇਹ ਮੇਰੀ ਸਮਝ ਤੋਂ ਪਰੇ ਹੈ ਕਿ ਸੰਵਿਧਾਨ ਬਣਾਉਣ ਸਮੇਂ ਕੋਈ ਭਾਈਚਾਰਾ ਰਾਜਾ ਪ੍ਰਤੀ ਆਪਣੀ ਵਫ਼ਾਦਾਰੀ ਦੇ ਆਧਾਰ 'ਤੇ ਆਪਣੇ ਲਈ ਕੁਝ ਵਿਸ਼ੇਸ਼ ਅਧਿਕਾਰ ਕਿਵੇਂ ਪ੍ਰਾਪਤ ਕਰ ਸਕਦਾ ਹੈ। ਪਰ ਜਿੱਥੋਂ ਤੱਕ ਰਾਜੇ ਪ੍ਰਤੀ ਵਫ਼ਾਦਾਰੀ ਕਰਕੇ ਭਾਰਤ ਵਿੱਚ ਕੁਝ ਰਾਜਨੀਤਿਕ ਵਿਸ਼ੇਸ਼ ਅਧਿਕਾਰ ਖਰੀਦਣ ਦੇ ਸਵਾਲ ਦਾ ਸਵਾਲ ਹੈ, ਦਲਿਤ ਵਰਗ ਦੀ ਵਫ਼ਾਦਾਰੀ ਅਸੀਮਿਤ ਸੀ। ਉਹ ਅੰਗਰੇਜ਼ਾਂ ਨੂੰ ਸਿਰਫ਼ ਸਿਧਾਂਤਾਂ ਲਈ ਹੀ ਪਿਆਰ ਨਹੀਂ ਕਰਦੇ ਸਨ, ਸਗੋਂ ਉਨ੍ਹਾਂ ਨਾਲ ਵੀ ਜੁੜੇ ਹੋਏ ਸਨ। ਦਲਿਤ ਵਰਗ ਲਈ ਵਿਸ਼ੇਸ਼ ਅਧਿਕਾਰਾਂ ਦੀ ਮੰਗ ਦਾ ਮਜ਼ਬੂਤ ਦਾਅਵਾ ਦਲਿਤ ਵਰਗ ਦੀ ਬਹੁਤ ਹੀ ਮਾੜੀ ਹਾਲਤ ਨਾਲ ਜੁੜਿਆ ਹੋਇਆ ਸੀ। ਭਾਰਤ ਵਿੱਚ ਕੋਈ ਵੀ ਘੱਟ ਗਿਣਤੀ ਵਰਗ ਇਸ ਦਲਿਤ ਵਰਗ ਜਿੰਨਾ ਦੱਬਿਆ-ਕੁਚਲਿਆ ਨਹੀਂ ਹੈ ਅਤੇ ਇਸ ਤੋਂ ਇਲਾਵਾ, ਉਨ੍ਹਾਂ ਦੇ ਦੁੱਖ ਇੰਨੇ ਅਸਾਧਾਰਨ ਅਤੇ ਇੰਨੇ ਜ਼ਿਆਦਾ ਹਨ ਕਿ ਉਹ ਸ਼ਾਇਦ ਭਾਰਤ ਨੂੰ ਸਵੈ-ਸ਼ਾਸਨ ਲਈ ਅਯੋਗ ਐਲਾਨਣ ਲਈ ਕਾਫ਼ੀ ਸਨ। ਬਿਨਾਂ ਸ਼ੱਕ ਇੱਕ ਅਜਿਹਾ ਭਾਈਚਾਰਾ ਜਿਸ 'ਤੇ ਸਮਾਜ ਦੁਆਰਾ ਜ਼ੁਲਮ ਕੀਤਾ ਗਿਆ ਹੈ ਅਤੇ ਬਹੁਤ

"ਇਕੁਐਲਿਟੀ ਐਂਡ ਜਸਟਿਸ"
"Equality and Justice"

ਸਾਰੇ ਪਾਪ ਕੀਤੇ ਹਨ, ਉਸ ਨਾਲ ਇਮਾਨਦਾਰੀ ਅਤੇ ਉਦਾਰਤਾ ਨਾਲ ਪੇਸ਼ ਆਉਣ ਦਾ ਹੱਕਦਾਰ ਸੀ। ਦਲਿਤਾਂ ਨੂੰ ਸਾਈਮਨ ਕਮਿਸ਼ਨ ਤੋਂ ਉਦਾਰਤਾ ਨਹੀਂ ਮਿਲੀ, ਸਗੋਂ ਉਨ੍ਹਾਂ ਨੂੰ ਇਨਸਾਫ਼ ਨਹੀਂ ਮਿਲਿਆ। ਕੋਈ ਪੁੱਛ ਸਕਦਾ ਹੈ ਕਿ ਲਾਰਡ ਬਿਰਕਹੈੱਡ ਦੇ ਉਨ੍ਹਾਂ ਭਾਵੁਕ ਵਿਚਾਰਾਂ ਦਾ ਕੀ ਹੋਇਆ ਜੋ ਉਨ੍ਹਾਂ ਨੇ ਸਾਈਮਨ ਕਮਿਸ਼ਨ ਦੀ ਨਿਯੁਕਤੀ ਲਈ ਸੰਸਦ ਵਿੱਚ ਪ੍ਰਸਤਾਵ ਪੇਸ਼ ਕਰਦੇ ਸਮੇਂ ਪ੍ਰਗਟ ਕੀਤੇ ਸਨ? ਉਸ ਸਮੇਂ ਦਲਿਤਾਂ ਨੇ ਇੱਕ ਵਿਸ਼ੇਸ਼ ਟਰੱਸਟ ਬਣਾਇਆ ਸੀ ਅਤੇ ਅੰਗਰੇਜ਼ ਦਲਿਤਾਂ ਦੀ ਸੁਰੱਖਿਆ ਲਈ ਪ੍ਰਬੰਧ ਕੀਤੇ ਬਿਨਾਂ ਇਸ ਟਰੱਸਟ ਨੂੰ ਨਹੀਂ ਛੱਡ ਸਕਦੇ ਸਨ। ਕੀ ਅਸੀਂ ਇਹ ਮੰਨੀਏ ਕਿ ਸਾਈਮਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੁਆਰਾ ਬਿਆਨਬਾਜ਼ੀ ਦੀ ਭਾਵਨਾ ਦੀ ਭਰਪਾਈ ਕੀਤੀ ਗਈ ਹੈ? ਦੋਸਤੋ, ਸਾਨੂੰ ਇਸ ਬਾਰੇ ਸਾਵਧਾਨ ਰਹਿਣਾ ਪਵੇਗਾ ਕਿ ਲੋਕ ਸਾਡੇ ਨਾਲ ਕਿਵੇਂ ਪੇਸ਼ ਆਉਂਦੇ ਹਨ। ਮੈਨੂੰ ਡਰ ਹੈ ਕਿ ਅੰਗਰੇਜ਼ ਜਾਣਬੁੱਝ ਕੇ ਸਾਡੀ ਬਦਕਿਸਮਤ ਹਾਲਤ ਦਾ ਪ੍ਰਚਾਰ ਇਸ ਲਈ ਨਹੀਂ ਕਰਦੇ ਕਿਉਂਕਿ ਉਹ ਸਾਡੀ ਹਾਲਤ ਨੂੰ ਸੁਧਾਰਨ ਦੇ ਬਹੁਤ ਚਾਹਵਾਨ ਹਨ, ਸਗੋਂ ਇਸ ਲਈ ਕਰਦੇ ਹਨ ਕਿਉਂਕਿ ਇਹ ਉਨ੍ਹਾਂ ਨੂੰ ਭਾਰਤ ਦੀ ਰਾਜਨੀਤਿਕ ਤਰੱਕੀ ਨੂੰ ਹੌਲੀ ਕਰਨ ਦਾ ਬਹਾਨਾ ਦਿੰਦਾ ਹੈ। ਮੇਰਾ ਮੰਨਣਾ ਹੈ ਕਿ ਸਾਡੇ ਨੇਤਾਵਾਂ ਨੂੰ ਇਸ ਬਾਰੇ ਘੱਟ ਚਿੰਤਾ ਕਰਨੀ ਚਾਹੀਦੀ ਹੈ ਕਿ ਅੰਗਰੇਜ਼ਾਂ ਨੇ ਹੁਣ ਤੱਕ ਸਾਡੇ ਲਈ ਕੀ ਕੀਤਾ ਹੈ ਅਤੇ ਭਵਿੱਖ ਵਿੱਚ ਸਾਡੇ ਨਾਲ ਕੀ ਹੋ ਸਕਦਾ ਹੈ ਅਤੇ ਬਿਨਾਂ ਕਿਸੇ ਡਰ ਦੇ ਆਪਣੀ ਜੀਵਨ ਸ਼ੈਲੀ ਦਾ ਫੈਸਲਾ ਕਰਨਾ ਚਾਹੀਦਾ ਹੈ। ਜੇਕਰ ਸਾਨੂੰ ਉਦਾਰ ਵਿਵਹਾਰ ਨਹੀਂ ਮਿਲਦਾ, ਤਾਂ ਘੱਟੋ ਘੱਟ ਸਾਨੂੰ ਇਨਸਾਫ਼ ਦੀ ਮੰਗ ਕਰਦੇ ਰਹਿਣਾ ਚਾਹੀਦਾ ਹੈ ਕਿਉਂਕਿ ਆਪਣੀਆਂ ਵਿਸ਼ੇਸ਼ ਸਥਿਤੀਆਂ ਕਾਰਨ ਅਸੀਂ ਇਸਦੀ ਮੰਗ ਕਰਨ ਦੇ ਹੱਕਦਾਰ ਹਾਂ।

**ਲੇਖ ਦਾ ਬਾਕੀ ਭਾਗ ਕਲ.....**

---

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 22 ਜੂਨ
INTERNATIONAL PAPER, 94636 01616
hardipchumber57@gmail.com

# ਸਭਿਅਤਾ ਜਾਂ ਘੋਰ ਅਸਭਿਅਤਾ

ਬਾਬਾ ਸਾਹਿਬ ਡਾ. ਅੰਬੇਡਕਰ

**ਲੜੀ ਵਾਰ ਭਾਗ ਚੌਥਾ**

ਹਾਲਾਂਕਿ ਇਹ ਪੇਸ਼ੇਵਰ ਅਪਰਾਧੀ, ਜੋ ਬਿਨਾਂ ਕਿਸੇ ਰੁਕਾਵਟ ਦੇ ਆਪਣਾ ਪੇਸ਼ਾ ਚਲਾਉਂਦੇ ਸਨ, ਹੁਣ ਕੁਚਲ ਦਿੱਤੇ ਗਏ ਹਨ ਅਤੇ ਉਹ ਹੁਣ ਲੁੱਟ-ਖਸੁੱਟ ਅਤੇ ਸ਼ਾਂਤੀ ਭੰਗ ਨਹੀਂ ਕਰ ਸਕਦੇ, ਫਿਰ ਵੀ ਭਾਰਤ ਵਿੱਚ ਅਜੇ ਵੀ ਅਜਿਹੀਆਂ ਜਾਤਾਂ ਹਨ ਜੋ ਅਪਰਾਧ ਵਿੱਚ ਰੁੱਝੀਆਂ ਹੋਈਆਂ ਹਨ। ਸਰਕਾਰ ਨੇ ਉਨ੍ਹਾਂ ਦੀ ਇੱਕ ਸੂਚੀ ਅਪਰਾਧੀ ਜਾਤੀਆਂ ਵਜੋਂ ਤਿਆਰ ਕੀਤੀ ਹੈ।

ਅਪਰਾਧੀ ਜਾਤੀਆਂ ਦੇ ਲੋਕ ਮੈਦਾਨੀ ਇਲਾਕਿਆਂ ਵਿੱਚ ਸੱਭਿਅਕ ਜਾਤੀਆਂ ਦੇ ਲੋਕਾਂ ਵਿੱਚ ਨਹੀਂ ਰਹਿ ਸਕਦੇ, ਪਰ ਉਹ ਉਨ੍ਹਾਂ ਦੇ ਆਲੇ-ਦੁਆਲੇ ਰਹਿੰਦੇ ਹਨ। ਉਹ ਸੰਗਠਿਤ ਡਕੈਤੀ ਅਤੇ ਲੁੱਟਮਾਰ ਕਰਕੇ ਆਪਣੀ ਰੋਜ਼ੀ-ਰੋਟੀ ਕਮਾਉਂਦੇ ਹਨ। ਇਸ ਕਾਰਨ ਕਰਕੇ, ਭਾਰਤ ਸਰਕਾਰ ਨੇ ਉਨ੍ਹਾਂ ਨੂੰ ਅਪਰਾਧੀ ਜਾਤੀ ਵਜੋਂ ਘੋਸ਼ਿਤ ਕੀਤਾ ਹੈ। ਹੋਲੀਆਸ ਨੇ ਆਪਣੀ ਕਿਤਾਬ 'ਕ੍ਰਿਮੀਨਲ ਟ੍ਰਾਈਬਜ਼ ਆਦਿ ਯੂਨਾਈਟਿਡ ਪ੍ਰੋਵਿੰਸ' ਵਿੱਚ ਉਨ੍ਹਾਂ ਦੀਆਂ ਗਤੀਵਿਧੀਆਂ ਦਾ ਵੇਰਵਾ ਦਿੱਤਾ ਹੈ। ਅਪਰਾਧ ਉਨ੍ਹਾਂ ਦੀ ਰੋਜ਼ੀ-ਰੋਟੀ ਹੈ। ਉਨ੍ਹਾਂ ਵਿੱਚੋਂ ਕੁਝ ਦਿਖਾਵੇ ਲਈ ਖੇਤੀਬਾੜੀ ਕਰ ਸਕਦੇ ਹਨ, ਪਰ ਇਹ ਅਸਲੀਅਤ ਨੂੰ ਛੁਪਾਉਣ ਦਾ ਇੱਕ ਬਹਾਨਾ ਹੈ। ਉਨ੍ਹਾਂ ਦਾ ਕਾਰੋਬਾਰ ਮੁੱਖ ਤੌਰ 'ਤੇ ਡਕੈਤੀ ਅਤੇ ਲੁੱਟਮਾਰ ਹੈ। ਕਿਉਂਕਿ ਉਨ੍ਹਾਂ ਦੀ ਜਾਤੀ ਦਾ ਪੇਸ਼ਾ ਅਪਰਾਧ ਹੈ, ਇਸ ਲਈ ਉਹ ਇਸਨੂੰ ਬੁਰਾ ਨਹੀਂ ਸਮਝਦੇ। ਜਦੋਂ ਉਹ ਕਿਸੇ ਖਾਸ ਖੇਤਰ ਨੂੰ ਲੁੱਟਣ ਦੀ ਯੋਜਨਾ ਬਣਾਉਂਦੇ ਹਨ, ਤਾਂ ਉਹ ਸਹੀ ਪੀੜਤ ਲੱਭਣ, ਪਿੰਡ ਵਾਸੀਆਂ ਦੇ ਵਿਵਹਾਰ ਨੂੰ ਦੇਖਣ ਅਤੇ ਸਮਝਣ, ਪਿੰਡ ਵਾਸੀਆਂ ਦੁਆਰਾ ਪ੍ਰਾਪਤ ਕੀਤੀ ਮਦਦ ਦੇ ਸਰੋਤ ਅਤੇ ਇਸਦੇ ਨਤੀਜੇ, ਬੰਦੂਕਾਂ ਦੀ ਗਿਣਤੀ ਆਦਿ ਦਾ ਅੰਦਾਜ਼ਾ ਲਗਾਉਣ ਲਈ ਜਾਸੂਸ ਭੇਜਦੇ ਹਨ। ਇਹ ਡਕੈਤੀਆਂ ਆਮ ਤੌਰ 'ਤੇ ਅੱਧੀ ਰਾਤ ਨੂੰ ਕੀਤੀਆਂ ਜਾਂਦੀਆਂ ਹਨ। ਜਾਸੂਸਾਂ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ, ਉਹ ਪਿੰਡ ਵਿੱਚ ਵੱਖ-ਵੱਖ ਥਾਵਾਂ 'ਤੇ ਆਪਣੇ ਆਦਮੀ ਤਾਇਨਾਤ ਕਰਦੇ ਹਨ। ਉਹ ਲੋਕਾਂ ਦਾ ਧਿਆਨ ਭਟਕਾਉਣ ਲਈ ਗੋਲੀਆਂ ਚਲਾਉਂਦੇ ਹਨ। ਅਤੇ ਫਿਰ ਮੁੱਖ ਸਮੂਹ ਪਹਿਲਾਂ ਤੋਂ ਨਿਰਧਾਰਤ ਘਰ ਜਾਂ ਘਰਾਂ 'ਤੇ ਹਮਲਾ ਕਰਦਾ ਹੈ। ਗੈਂਗ ਵਿੱਚ ਆਮ ਤੌਰ 'ਤੇ 30 ਜਾਂ 40 ਲੋਕ ਹੁੰਦੇ ਹਨ।

ਇੱਥੇ ਇਹ ਜ਼ੋਰ ਦੇਣਾ ਬਹੁਤ ਜ਼ਰੂਰੀ ਹੈ ਕਿ ਅਪਰਾਧ ਇਨ੍ਹਾਂ ਜਾਤੀਆਂ ਦੇ ਰੋਜ਼ਾਨਾ ਜੀਵਨ ਵਿੱਚ ਕੀ ਭੂਮਿਕਾ ਨਿਭਾਉਂਦਾ ਹੈ। ਜਿਵੇਂ ਹੀ ਕੋਈ ਬੱਚਾ ਤੁਰਨ ਅਤੇ ਬੋਲਣ ਦੇ ਯੋਗ ਹੁੰਦਾ ਹੈ, ਉਸਨੂੰ ਅਪਰਾਧ ਕਰਨਾ ਸਿਖਾਇਆ ਜਾਂਦਾ ਹੈ। ਬਿਨਾਂ ਸ਼ੱਕ ਇਹ ਉਦੇਸ਼ ਬਹੁਤ ਲਾਭਦਾਇਕ ਸਾਬਤ ਹੁੰਦਾ ਹੈ, ਕਿਉਂਕਿ ਛੋਟੀਆਂ-ਮੋਟੀਆਂ ਚੋਰੀਆਂ ਲਈ ਬੱਚਿਆਂ ਦੀ ਵਰਤੋਂ ਕਰਨ ਵਿੱਚ ਕੋਈ ਵੱਡਾ ਜੋਖਮ ਨਹੀਂ ਹੁੰਦਾ। ਭਾਵੇਂ ਕੋਈ ਬੱਚਾ ਫੜਿਆ ਵੀ ਜਾਵੇ, ਉਸਨੂੰ ਕੁਝ ਥੱਪੜ ਮਾਰਨ ਤੋਂ ਬਾਅਦ ਛੱਡ ਦਿੱਤਾ ਜਾਂਦਾ ਹੈ ਅਤੇ ਜੇਕਰ ਉਹ ਵੱਡਾ ਹੋ ਜਾਂਦਾ ਹੈ, ਤਾਂ ਉਸਦੀ ਤੁਰੰਤ ਗ੍ਰਿਫ਼ਤਾਰੀ ਦੀ ਸੰਭਾਵਨਾ ਹੁੰਦੀ ਹੈ। ਔਰਤਾਂ ਵੀ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਭਾਵੇਂ ਉਹ ਇਨ੍ਹਾਂ ਕੰਮਾਂ ਵਿੱਚ ਹਿੱਸਾ ਨਹੀਂ ਲੈਂਦੀਆਂ, ਉਨ੍ਹਾਂ ਦੀਆਂ ਬਹੁਤ ਸਾਰੀਆਂ ਭਾਰੀ ਜ਼ਿੰਮੇਵਾਰੀਆਂ ਹੁੰਦੀਆਂ ਹਨ। ਉਹ ਨਾ ਸਿਰਫ਼ ਜ਼ਿਆਦਾਤਰ ਚੋਰੀ ਕੀਤੇ ਸਮਾਨ ਦਾ ਨਿਪਟਾਰਾ ਕਰਦੀਆਂ ਹਨ, ਸਗੋਂ ਦੁਕਾਨਾਂ ਤੋਂ ਚੀਜ਼ਾਂ ਚੋਰੀ ਕਰਨ ਵਿੱਚ ਵੀ ਮਾਹਰ ਹੁੰਦੀਆਂ ਹਨ।

### ਅਛੂਤ ਵੀ ਸੱਭਿਅਕ ਹਿੰਦੂ ਸਮਾਜ

ਅਪਰਾਧੀ ਜਾਤਾਂ ਵਾਂਗ, ਅਛੂਤ ਵੀ ਸੱਭਿਅਕ ਹਿੰਦੂ ਸਮਾਜ ਵਿੱਚ ਰਹਿੰਦੇ ਹਨ, ਪਰ ਅਛੂਤਾਂ ਦੀ ਸੰਸਕ੍ਰਿਤੀ ਅਤੇ ਰੀਤੀ-ਰਿਵਾਜ ਉਨ੍ਹਾਂ ਨੂੰ ਆਦਿਮ ਜਾਤਾਂ ਅਤੇ ਅਪਰਾਧੀ ਜਾਤਾਂ ਤੋਂ ਪੂਰੀ ਤਰ੍ਹਾਂ ਵੱਖਰਾ ਬਣਾਉਂਦੇ ਹਨ। ਅਛੂਤਾਂ ਨੇ ਹਿੰਦੂ ਭਾਈਚਾਰੇ ਦੀ ਸੰਸਕ੍ਰਿਤੀ ਨੂੰ ਅਪਣਾਇਆ ਹੈ। ਉਹ ਹਿੰਦੂ ਭਾਈਚਾਰੇ ਦੇ ਧਾਰਮਿਕ ਰੀਤੀ-ਰਿਵਾਜਾਂ ਦੀ ਪਾਲਣਾ ਕਰਦੇ ਹਨ। ਉਹ ਹਿੰਦੂਆਂ ਦੀਆਂ ਧਾਰਮਿਕ ਅਤੇ ਸਮਾਜਿਕ ਪਰੰਪਰਾਵਾਂ ਦਾ ਸਤਿਕਾਰ ਕਰਦੇ ਹਨ। ਉਹ ਹਿੰਦੂਆਂ ਦੇ ਤਿਉਹਾਰ ਮਨਾਉਂਦੇ ਹਨ। ਪਰ ਉਨ੍ਹਾਂ ਨੂੰ ਇਸ ਤੋਂ ਕੋਈ ਲਾਭ ਨਹੀਂ ਮਿਲਦਾ। ਇਸ ਦੇ ਉਲਟ, ਉਨ੍ਹਾਂ ਨੂੰ ਦੂਰ ਰੱਖਿਆ ਜਾਂਦਾ ਹੈ ਅਤੇ ਅਲੱਗ-ਥਲੱਗ ਕੀਤਾ ਜਾਂਦਾ ਹੈ। ਕਿਉਂਕਿ ਹਿੰਦੂਆਂ ਦਾ ਮੰਨਣਾ ਹੈ ਕਿ ਉਹ ਅਛੂਤਾਂ ਦੇ ਛੂਹਣ ਨਾਲ ਭ੍ਰਿਸ਼ਟ ਹੋ ਜਾਂਦੇ ਹਨ, ਇਸ ਲਈ, ਉਨ੍ਹਾਂ ਨਾਲ ਹਰ ਤਰ੍ਹਾਂ ਦੀ ਸਮਾਜਿਕ ਗੱਲਬਾਤ ਵਰਜਿਤ ਹੈ, ਸਿਵਾਏ ਉਨ੍ਹਾਂ ਉਦੇਸ਼ਾਂ ਦੇ ਜੋ ਅਛੂਤਾਂ ਤੋਂ ਬਿਨਾਂ ਪੂਰੇ ਨਹੀਂ ਹੋ ਸਕਦੇ। ਉਹ ਪਿੰਡ ਦੇ ਵਿਚਕਾਰ ਨਹੀਂ ਰਹਿੰਦੇ। ਉਹ ਪਿੰਡ ਤੋਂ ਬਾਹਰ ਰਹਿੰਦੇ ਹਨ। ਹਰ ਪਿੰਡ ਦਾ ਆਪਣਾ ਖੇਤਰ ਹੁੰਦਾ ਹੈ। ਅਛੂਤ ਪਿੰਡ ਨਾਲ ਜੁੜਿਆ ਹੁੰਦਾ ਹੈ, ਪਰ ਇਸਦਾ ਹਿੱਸਾ ਨਹੀਂ ਹੁੰਦਾ। ਬਾਕੀ ਹਿੰਦੂਆਂ ਤੋਂ ਅਲੱਗ-ਥਲੱਗ ਹੋ ਕੇ, ਉਹ ਇੱਕ ਆਚਾਰ ਸੰਹਿਤਾ ਨਾਲ ਬੱਝੇ ਹੁੰਦੇ ਹਨ ਜੋ ਸਿਰਫ਼ ਗੁਲਾਮਾਂ ਲਈ ਢੁਕਵਾਂ ਹੈ। ਇਸ ਸੰਹਿਤਾ ਦੇ ਅਨੁਸਾਰ, ਅਛੂਤ ਕੁਝ ਵੀ ਨਹੀਂ ਕਰ ਸਕਦਾ ਜੋ ਉਸਨੂੰ ਜੀਵਨ ਦੇ ਨਿਰਧਾਰਤ ਪੱਧਰ ਤੋਂ ਉੱਪਰ ਚੁੱਕ ਸਕੇ। ਉਸਨੂੰ ਆਪਣੇ ਦਰਜੇ ਤੋਂ ਉੱਪਰ ਵਾਲੇ ਕੱਪੜੇ ਨਹੀਂ ਪਹਿਨਣੇ ਚਾਹੀਦੇ, ਨਾ ਹੀ ਇੱਕ ਅਛੂਤ ਔਰਤ ਨੂੰ ਉੱਚ ਵਰਗ ਦੀਆਂ ਹਿੰਦੂ ਔਰਤਾਂ ਦੁਆਰਾ ਪਹਿਨੇ ਜਾਣ ਵਾਲੇ ਗਹਿਣੇ ਪਹਿਨਣੇ ਚਾਹੀਦੇ ਹਨ। ਉਸਦਾ ਘਰ ਪਿੰਡ ਦੇ ਬਾਕੀ ਹਿੰਦੂਆਂ ਦੇ ਘਰਾਂ ਨਾਲੋਂ ਵਧੀਆ ਜਾਂ ਵੱਡਾ ਨਹੀਂ ਹੋਣਾ ਚਾਹੀਦਾ। ਹਾਲਾਂਕਿ, ਉਸਦੇ ਘਰ ਵਿੱਚ ਟਾਈਲਾਂ ਵਾਲੀ ਛੱਤ ਨਹੀਂ ਹੋਣੀ ਚਾਹੀਦੀ। ਇੱਕ ਅਛੂਤ ਨੂੰ ਹਿੰਦੂ ਦੇ ਸਾਹਮਣੇ ਨਹੀਂ ਬੈਠਣਾ ਚਾਹੀਦਾ ਅਤੇ ਹਮੇਸ਼ਾ ਉਸਨੂੰ ਪਹਿਲਾਂ ਨਮਸਕਾਰ ਕਰਨਾ ਚਾਹੀਦਾ ਹੈ। ਇੱਕ ਅਛੂਤ ਨੂੰ ਸਾਫ਼ ਕੱਪੜੇ ਨਹੀਂ ਪਹਿਨਣੇ ਚਾਹੀਦੇ ਜਾਂ ਪਿੱਤਲ ਜਾਂ ਤਾਂਬੇ ਦੇ ਬਣੇ ਭਾਂਡੇ ਨਹੀਂ ਵਰਤਣੇ ਚਾਹੀਦੇ। ਉਸਨੂੰ ਚਾਂਦੀ ਜਾਂ ਸੋਨੇ ਦੇ ਗਹਿਣੇ ਵੀ ਨਹੀਂ ਪਹਿਨਣੇ ਚਾਹੀਦੇ। ਜਦੋਂ ਕਿਸੇ ਹਿੰਦੂ ਪਰਿਵਾਰ ਵਿੱਚ ਮੌਤ ਹੁੰਦੀ ਹੈ, ਤਾਂ ਇੱਕ ਅਛੂਤ ਨੂੰ ਪਰਿਵਾਰ ਦੇ ਰਿਸ਼ਤੇਦਾਰਾਂ ਨੂੰ ਸੂਚਿਤ ਕਰਨ ਲਈ ਜਾਣਾ ਚਾਹੀਦਾ ਹੈ, ਭਾਵੇਂ ਉਹ ਕਿੰਨੀ ਵੀ ਦੂਰ ਰਹਿੰਦੇ ਹੋਣ, ਕਿਉਂਕਿ ਜੇਕਰ ਖ਼ਬਰ ਡਾਕ ਰਾਹੀਂ ਭੇਜੀ ਜਾਂਦੀ ਹੈ, ਤਾਂ ਪਿੰਡ ਦਾ ਹਿੰਦੂ ਆਪਣੇ ਆਪ ਨੂੰ ਆਪਣੇ ਰਿਸ਼ਤੇਦਾਰਾਂ ਨਾਲੋਂ ਨੀਵਾਂ ਮਹਿਸੂਸ ਕਰਦਾ ਹੈ। ਰਾਜ ਵੱਲੋਂ ਉਨ੍ਹਾਂ ਵਿੱਚ ਕੋਈ ਦਖਲ ਨਹੀਂ ਹੁੰਦਾ ਸੀ। ਜੇਕਰ ਹਿੰਦੂ ਘਰਾਂ ਦੀਆਂ ਔਰਤਾਂ ਆਪਣੇ ਨਾਨਕੇ ਜਾਂਦੀਆਂ ਹਨ ਜਾਂ ਉੱਥੋਂ ਵਾਪਸ ਆਉਂਦੀਆਂ ਹਨ, ਤਾਂ ਅਛੂਤ ਨੂੰ ਉਨ੍ਹਾਂ ਦੇ ਨਾਲ ਜਾਣਾ ਚਾਹੀਦਾ ਹੈ। ਉਨ੍ਹਾਂ ਦੀ ਇੱਜ਼ਤ ਮੰਗ ਕਰਦੀ ਹੈ ਕਿ ਉਨ੍ਹਾਂ ਕੋਲ ਨੌਕਰ ਹੋਣੇ ਚਾਹੀਦੇ ਹਨ। ਅਤੇ ਅਛੂਤ ਹੀ ਇੱਕੋ ਇੱਕ ਵਰਗ ਹੈ ਜੋ ਬਿਨਾਂ ਕੁਝ ਖਰਚ ਕੀਤੇ ਇਹ ਕਰ ਸਕਦਾ ਹੈ। ਅਛੂਤਾਂ ਨੂੰ ਹਿੰਦੂ ਘਰ ਵਿੱਚ ਹਰ ਸਮਾਰੋਹ ਵਿੱਚ ਆ ਕੇ ਮਾਮੂਲੀ ਕੰਮ ਕਰਨੇ ਚਾਹੀਦੇ ਹਨ। ਅਛੂਤ ਨੂੰ ਨਾ ਤਾਂ ਜ਼ਮੀਨ ਖਰੀਦਣੀ ਚਾਹੀਦੀ ਹੈ ਅਤੇ ਨਾ ਹੀ ਖੇਤੀ ਕਰਨੀ ਚਾਹੀਦੀ ਹੈ ਅਤੇ ਨਾ ਹੀ ਸੁਤੰਤਰ ਜੀਵਨ ਜੀਣਾ ਚਾਹੀਦਾ ਹੈ। ਆਪਣਾ ਪੇਟ ਭਰਨ ਲਈ ਉਸਨੂੰ ਹਿੰਦੂ ਘਰਾਂ ਦੇ ਬਚੇ ਹੋਏ ਭੋਜਨ 'ਤੇ ਰਹਿਣਾ ਚਾਹੀਦਾ ਹੈ ਅਤੇ ਪਿੰਡ ਵਿੱਚ ਮਰੇ ਹੋਏ ਜਾਨਵਰਾਂ ਦਾ ਮਾਸ ਖਾਣਾ ਚਾਹੀਦਾ ਹੈ। ਉਸਨੂੰ ਘਰ-ਘਰ ਜਾ ਕੇ ਇਹ ਬਚੇ ਹੋਏ ਭੋਜਨ ਇਕੱਠੇ ਕਰਨੇ ਚਾਹੀਦੇ ਹਨ। ਉਸਨੂੰ ਸ਼ਾਮ ਨੂੰ ਭੀਖ ਮੰਗਣ ਲਈ ਬਾਹਰ ਜਾਣਾ ਚਾਹੀਦਾ ਹੈ। ਇਸੇ ਤਰ੍ਹਾਂ, ਅਛੂਤ ਨੂੰ ਮਰੇ ਹੋਏ ਜਾਨਵਰ ਨੂੰ ਪਿੰਡ ਤੋਂ ਬਾਹਰ ਲੈ ਜਾਣਾ ਚਾਹੀਦਾ ਹੈ। ਬੇਸ਼ੱਕ ਉਸਨੂੰ ਇਹ ਇਕੱਲੇ ਕਰਨਾ ਚਾਹੀਦਾ ਹੈ, ਕਿਉਂਕਿ ਕੋਈ ਵੀ ਹਿੰਦੂ ਉਸਦੇ ਨਾਲ ਨਹੀਂ ਜਾਵੇਗਾ। ਅਛੂਤ ਨੂੰ ਅਜਿਹੇ ਕਿੱਤਿਆਂ ਵਿੱਚ ਸ਼ਾਮਲ ਨਹੀਂ ਹੋਣਾ ਚਾਹੀਦਾ ਜੋ ਉਸਨੂੰ ਉੱਚ ਜਾਤੀ ਦੇ ਹਿੰਦੂਆਂ ਉੱਤੇ ਸ਼ਕਤੀ ਅਤੇ ਅਧਿਕਾਰ ਦਿੰਦੇ ਹਨ। ਉਸਨੂੰ ਨਿਮਰ ਹੋਣਾ ਚਾਹੀਦਾ ਹੈ ਅਤੇ ਉਸਨੂੰ ਉਸ ਤੋਂ ਵੱਧ ਦੀ ਮੰਗ ਨਹੀਂ ਕਰਨੀ ਚਾਹੀਦੀ ਜੋ ਉਸਨੂੰ ਅਲਾਟ ਕੀਤਾ ਗਿਆ ਹੈ। ਇਹ ਸੱਚ ਹੈ ਕਿ ਕੁਝ ਅਛੂਤ ਲੋਕ ਪਰੰਪਰਾ ਦੁਆਰਾ ਦਿੱਤੇ ਗਏ ਨੀਵੇਂ ਦਰਜੇ ਤੋਂ ਉੱਪਰ ਉੱਠੇ ਹਨ ਅਤੇ ਉੱਚੇ ਅਹੁਦੇ ਪ੍ਰਾਪਤ ਕਰ ਲਏ ਹਨ, ਫਿਰ ਵੀ ਉਨ੍ਹਾਂ ਵਿੱਚੋਂ ਜ਼ਿਆਦਾਤਰ ਸਮਾਜਿਕ ਤੌਰ 'ਤੇ ਬਹੁਤ ਨੀਵੇਂ ਦਰਜੇ 'ਤੇ ਹਨ ਅਤੇ ਆਰਥਿਕ ਤੌਰ 'ਤੇ ਬਹੁਤ ਗਰੀਬ ਹਨ।

# ਪੰਜਾਬ ਸੰਭਾਲੋ ਮੁਹਿੰਮ ਹੀ ਪੰਜਾਬ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰੇਗੀ --ਡਾਕਟਰ ਅਵਤਾਰ ਸਿੰਘ ਕਰੀਮਪੁਰੀ

## ਬਸਪਾ ਬਣਾਏਗੀ ਬਾਬਾ ਸਾਹਿਬ ਡਾਕਟਰ ਅੰਬੇਡਕਰ ਸਾਹਿਬ ਜੀ ਦੇ ਸੁਪਨਿਆਂ ਦਾ ਭਾਰਤ--ਬਿਪਲ ਕੁਮਾਰ

### *ਪੱਛੜੀਆਂ ਸ਼੍ਰੇਣੀਆਂ ਬਣਦੀ ਹਿੱਸੇਦਾਰੀ ਲੈਣ ਲਈ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਨਾਲ ਜੁੜਣ* ---ਪਰਜਾਪਤੀ ਅਜੀਤ ਸਿੰਘ ਭੈਣੀ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 22 ਜੂਨ
INTERNATIONAL PAPER, 94636 01616
hardipchumber57@gmail.com

ਸੰਗਰੂਰ ( ਜਗਤਾਰ ਸਿੰਘ ਰੋੜੇਵਾਲ)--ਬਹੁਜਨ ਸਮਾਜ ਪਾਰਟੀ ਲੋਕ ਸਭਾ ਸੰਗਰੂਰ ਵੱਲੋਂ ਪੰਜਾਬ ਸੰਭਾਲੋ ਮੁਹਿੰਮ ਤਹਿਤ ਜੋ ਜਮੀਨ ਸਰਕਾਰੀ ਹੈ ਥੋ ਜਮੀਨ ਹਮਾਰੀ ਹੈ ਦੇ ਮੁੱਦੇ ਨੂੰ ਲੈ ਕੇ ਸੰਗਰੂਰ ਦੇ ਅਨਾਜ ਮੰਡੀ ਸ਼ੈਡ ਵਿੱਚ ਵਿਸ਼ਾਲ ਮਹਾਂ ਰੈਲੀ ਕੀਤੀ ਗਈ, ਜਿਸ ਵਿੱਚ ਲੋਕ ਸਭਾ ਸੰਗਰੂਰ ਵਿੱਚੋਂ ਅੱਤ ਦੀ ਗਰਮੀ ਅਤੇ ਝੋਨੇ ਦਾ ਸੀਜਨ ਹੋਣ ਦੇ ਬਾਵਜੂਦ ਵੱਡਾ ਜਨ ਸਲਾਬ ਉਮੜਿਆ। ਰੈਲੀ ਦੇ ਮੁੱਖ ਮਹਿਮਾਨ ਪਾਰਟੀ ਦੇ ਕੇਦਰੀ ਸੂਬਾ ਇੰ ਚਾ ਰ ਜ ਸ੍ਰੀ ਵਿਪਲ ਕੁਮਾਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਸਪਾ ਹੀ ਬਾਬਾ ਸਾਹਿਬ ਅੰਬੇਡਕਰ ਜੀ ਦੇ ਸੁਪਨਿਆਂ ਦਾ ਭਾਰਤ ਬਣਾਏਗੀ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਦੇ ਵਿੱਚ ਬਸਪਾ ਦੀ ਕੌਮੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਜਦੋਂ ਮੁੱਖ ਮੰਤਰੀ ਬਣੇ ਉਹਨਾਂ ਨੇ ਭਾਰਤੀ ਕਿਸਾਨ ਮਜ਼ਦੂਰ ਅੰਦੋਲਨ ਦੇ ਤਹਿਤ ਲੱਖਾਂ ਬੇਜਮੀਨੇ ਗਰੀਬਾਂ ਦਲਿਤਾਂ, ਪੱਛੜਿਆਂ, ਛੋਟੇ ਕਿਸਾਨਾਂ ਦੇ ਵਿੱਚ ਲੱਖਾਂ ਏਕੜ ਜਮੀਨ ਵੰਡ ਕੇ ਕਿਰਤੀ ਕਾਮਿਆਂ ਮਾਲਕ ਬਣਾਉਣ ਦੀ ਇਤਿਹਾਸਿਕ ਕ੍ਰਾਂਤੀ ਕੀਤੀ। ਉਹਨਾਂ ਸਾਰੇ ਪੰਜਾਬੀਆਂ ਨੂੰ ਖੁੱਲਾ ਸੱਦਾ ਕਿ ਉਹ ਬਸਪਾ ਦੇ ਨਾਲ ਖੜੇ ਹੋਣ, ਯੂ ਪੀ ਦੀ ਤਰਜ਼ ਤੇ ਪੰਜਾਬ ਦੇ ਬੇਜ਼ਮੀਨੇ ਲੋਕਾਂ ਨੂੰ ਬਿਨਾਂ ਕਿਸੇ ਜਾਤ, ਧਰਮ, ਦੇ ਸਰਕਾਰੀ ਜਮੀਨ ਵੰਡੀ ਜਾਏਗੀ। ਡਾ ਅਵਤਾਰ ਸਿੰਘ ਕਰੀਮਪੁਰੀ ਸੂਬਾ ਪ੍ਰਧਾਨ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਵੱਲੋਂ 15 ਮਾਰਚ ਨੂੰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਤੇ ਫਗਵਾੜਾ ਦੀ ਧਰਤੀ ਤੋਂ “ਪੰਜਾਬ ਸੰਭਾਲੋ ਮਹਿਮ” ਪੰਜਾਬ ਦੇ ਸਾਹਮਣੇ ਸਾਰੀਆਂ ਚੁਨੌਤੀਆਂ ਦਾ ਹੱਲ ਕੱਢਣ ਲਈ ਸ਼ੁਰੂ ਕੀਤੀ ਗਈ। ਅੱਜ ਸੰਗਰੂਰ ਦੇ ਵਿੱਚ ਜੋ ਪੰਜਾਬ ਸੰਭਾਲੋ ਰੈਲੀ ਕੀਤੀ ਇਸ ਰੈਲੀ ਦਾ ਮਕਸਦ ਭਾਰਤੀ ਕਿਸਾਨ ਮਜ਼ਦੂਰ ਅੰਦੋਲਨ ਦੇ ਤਹਿਤ “ਜੋ ਜਮੀਨ ਸਰਕਾਰੀ ਹੈ ਬਹੁਤ ਜਮੀਨ ਹਮਾਰੀ ਹੈ “ * ਸ੍ ਕਰੀਮਪੁਰੀ ਨੇ ਕਿਹਾ ਕਿ ਪੰਜਾਬ ਦਾ ਮੁੱਖ ਮੰਤਰੀ ਗੀਤ ਗਾਉਂਦਾ ਹੈ ਤੂੰ ਮਗਦਾ ਰਹੀ ਵੇ ਸੂਰਜਾ ਕੰਮੀਆਂ ਦੇ ਵੇਹੜੇ ਪਰੰਤੂ ਜਦੋਂ ਕੰਮੀਆਂ ਕਿਰਤੀਆਂ ਨੇ ਛੋਟੇ ਕਿਸਾਨਾਂ ਨੇ ਰਾਜੇ ਦੀ ਜਮੀਨ ਦਾ ਮਾਲਕੀ ਦਾ ਹੱਕ ਲੈਣ ਲਈ ਸੰਘਰਸ਼ ਕੀਤਾ, ਤਾਂ ਸਰਕਾਰ ਨੇ 2000 ਪੁਲਿਸ ਕਰਮਚਾਰੀ ਡੰਡੇ ਫੜਾ ਕੇ ਰਾਜਾਸ਼ਾਹੀ ਸਿਸਟਮ ਨਾਲ ਖੜਨ ਦਾ ਕੰਮ ਕੀਤਾ। ਕਿਰਤੀਆਂ ਕਾਮਿਆਂ ਤੇ ਛੋਟੇ ਕਿਸਾਨਾਂ ਤੇ ਤਾਨਾਸ਼ਾਹ ਬਣ ਕੇ ਪੁਲਿਸ ਜਬਰ ਦੇ ਸਾਰੇ ਜੋ ਹੱਦ ਬੰਨੇ ਟੱਪੇ, ਬਹੁਜਨ ਸਮਾਜ ਪਾਰਟੀ ਇਸ ਸਰਕਾਰੀ ਜਬਰ ਦੀ ਸਖਤ ਸ਼ਬਦਾਂ ਚ ਨਿੰਦਾ ਕਰਦੀ ਹੈ ਜਿਸ ਵਕਤ ਜਬਰ ਹੋਇਆ ਉਸ ਵਕਤ ਵੀ ਬਹੁਜਨ ਸਮਾਜ ਪਾਰਟੀ ਕਿਰਤੀਆਂ ਕਾਮਿਆਂ ਛੋਟੇ ਕਿਸਾਨਾਂ ਨਾਲ ਆ ਕੇ ਖੜੀ ਹੋਈ ਪੰਜਾਬ ਦਾ ਜਾਬਰ ਹਾਕਮ ਅਣਵਿਆਹੀਆਂ ਧੀਆਂ ਨੂੰ ਜੇਲਾਂ ਵਿੱਚ ਭਿਜਵਾਉਣ ਵਾਲਾ ਸੀ ਅਤੇ ਬਹੁਜਨ ਸਮਾਜ ਪਾਰਟੀ ਨੇ ਅੰਦੋਲਨ ਕਰਕੇ ਉਹਨਾਂ ਧੀਆਂ ਨੂੰ ਜੇਲਾਂ ਚੋਂ ਕਢਵਾਉਣ ਦਾ ਰੋਲ ਅਦਾ ਕੀਤਾ ,ਬਿਰਧ ਮਾਵਾਂ, ਬਜ਼ੁਰਗਾਂ, ਨੌਜਵਾਨਾਂ ਨੂੰ ਜਿਸ ਬੇਰਹਿਮੀ ਨਾਲ ਮਨੁੱਖੀ ਅਧਿਕਾਰਾਂ ਦਾ ਘਾਣ ਕਰਕੇ ਆਮ ਪਾਰਟੀ ਦੀ ਸਰਕਾਰ ਨੇ ਜੇਲ ਭੇਜਿਆ, ਬਸਪਾ ਨੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਡੱਟ ਕੇ ਮੈਦਾਨ ਵਿੱਚ ਲੜਾਈ ਲੜੀ ਅਤੇ ਸਰਕਾਰੀ ਜਬਰ ਦੇ ਸ਼ਿਕਾਰ ਜੇਲਾਂ ਵਿੱਚ ਬੈਠੇ ਬੇਜਮੀਨੇ ਪੀੜਤਾਂ ਨੂੰ ਜੇਲਾਂ ਤੋਂ ਬਾਹਰ ਲਿਆਉਣ ਦੇ ਵਿੱਚ ਅਹਿਮ ਰੋਲ ਅਦਾ ਕੀਤਾ। ਸ੍ਰੀ ਕਰੀਮਪੁਰੀ ਨੇ ਜਿੱਥੇ ਲੋਕ ਸਭਾ ਸੰਗਰੂਰ ਦੀ ਸਾਰੀ ਟੀਮ ਦੇ ਇਸ ਜੱਦੋ ਜਹਿਦ ਲਈ ਧੰਨਵਾਦ ਕੀਤਾ ਉੱਥੇ ਪੰਜਾਬੀਆਂ ਨੂੰ ਇਹ ਸੱਦਾ ਵੀ ਦਿੱਤਾ ਕਿ ਉਹ ਪੰਜਾਬ ਸੰਭਾਲੋ ਮਹਿਮ ਦਾ ਹਿੱਸਾ ਬਣਨ, ਜਿਸ ਤਰਾਂ ਭੈਣ ਕੁਮਾਰੀ ਮਾਇਆਵਤੀ ਜੀ ਦੇ ਰਾਜ ਸਮੇਂ ਯੂ ਪੀ ਵਿੱਚ ਬੇਜਮੀਨੇ ਗਰੀਬਾਂ ਨੂੰ ਜਮੀਨ ਵੰਡੀ ਗਈ ਇਸੇ ਤਰ੍ਹਾਂ ਪੰਜਾਬ ਚ 9 ਲੱਖ ਏਕੜ ਜਮੀਨ ਜੋ ਸਰਕਾਰ ਦੇ ਕਬਜ਼ੇ ਵਿੱਚ ਪਈ ਹੈ, ਉਹ ਸਰਕਾਰੀ ਜਮੀਨ ਬਸਪਾ ਸੰਗਤਾਂ ਦੇ ਆਸ਼ੀਰਵਾਦ ਦੇਣ ਉਪਰੰਤ ਬੇਜਮੀਨੇ ਕਿਰਤੀ ਕਾਮਿਆਂ ਛੋਟੇ ਕਿਸਾਨਾਂ ਨੂੰ 9 ਲੱਖ ਜਮੀਨ ਦੇ ਮਾਲਕ ਬਣਾਇਆ ਜਾਏਗਾ ,ਪੰਜਾਬ ਸੰਭਾਲੋ ਮਹਿਮ ਦਾ ਜ਼ਿਕਰ ਕਰਦਿਆਂ ਉਹਨਾਂ ਨੇ ਕਿਹਾ ਕਿ ਪੰਜਾਬ ਦੇ ਵਿੱਚ ਡਰੱਗ ਮਾਫੀਆ ਬੇਖੌਫ ਆਪਣਾ ਕਾਰੋਬਾਰ ਚਲਾ ਰਿਹਾ 1300 ਤੋਂ ਜਿਆਦਾ ਲੋਕਾਂ ਨੂੰ ਫੜ ਕੇ ਜੇਲ ਭੇਜ ਦਿੱਤਾ ਗਿਆ ਜਿਹਦੇ ਵਿੱਚ99% ਲੋਕ ਜੋ




ਡਰੱਗ ਮਾਫੀਏ ਦੀ ਵਿਵਸਥਾ ਤੋਂ ਪੀੜਤ ਹਨ, ਪੀੜਤਾਂ ਨੂੰ ਮਾਫੀਆ ਡਰੱਗ ਮਾਫੀਆ ਬਣਾ ਕੇ ਜੇਲ ਭੇਜਿਆ ਗਿਆ ਪੰਜਾਬ ਦੀ ਸਰਕਾਰ ਉਹ ਨਾਮ ਜਨਤਕ ਕਰੇ ਜਿਹੜੇ ਵੱਡੇ ਡਰੱਗ ਮਾਫੀਆ ਵੱਡੇ ਸਪਲਾਇਰ ਹਨ ਯੁੱਧ ਨਸ਼ਿਆਂ ਵਿਰੁੱਧ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸੌ ਫ਼ੀਸਦੀ ਫੇਲ ਹੋ ਗਈ ਹੈ,ਇਸੇ ਮਹਿੰਮ ਦੌਰਾਨ 27 ਜਹਿਰੀਲੀ ਸ਼ਰਾਬ ਨਾਲ ਮਜੀਠਾ ਚ ਮਰੇ, ਤਿੰਨ ਲੁਧਿਆਣਾ ਮਰੇ, ਉਸ ਤੋਂ ਪਹਿਲਾਂ ਸੰਗਰੂਰ, ਤਰਨਤਾਰਨ, ਬਟਾਲਾ ਵਿੱਚ ਜਹਰੀਲੀ ਸ਼ਰਾਬ ਨਾਲ ਮੌਤਾਂ ਹੋਈਆਂ, ਪੰਜਾਬ ਦੀ ਸਰਕਾਰ ਦੱਸੇ ਕਿ ਇਸਦੇ ਲਈ ਜਿੰਮੇਵਾਰ ਕਿਹੜਾ ਵੱਡਾ ਮਾਫੀਆ ਜੇਲ ਭੇਜਿਆ ਗਿਆ ਹੈ ਉਸਦਾ ਨਾਮ ਜਨਤਕ ਕਰੇ ,ਇਸੇ ਕਰਕੇ ਬਹੁਜਨ ਸਮਾਜ ਪਾਰਟੀ ਇਹ ਕਹਿੰਦੀ ਹੈ ਕਿ ਡਰੱਗ ਮਾਫੀਏ ਦੇ ਨੈਟਵਰਕ ਨੂੰ ਉਦੋਂ ਤੱਕ ਨਹੀਂ ਤੋੜਿਆ ਜਾ ਸਕਦਾ ਜਦੋਂ ਤੱਕ ਡਰੱਗ ਮਾਫੀਆ ਗਰੁੱਪ, ਪੋਲੀਟੀਸ਼ਨ ਅਤੇ ਪੁਲਿਸ ਇਸ ਗੱਠਜੋੜ ਨੂੰ ਨਹੀਂ ਤੋੜਿਆ ਜਾਂਦਾ, ਡਰੱਗ ਮਾਫੀਆ ਦਾ ਧਨ ਪੰਜਾਬ ਦੇ ਰਾਜਨੀਤਿਕ ਸਿਸਟਮ ਦੇ ਵਿੱਚ ਲੱਗ ਰਿਹਾ ਹੈ,ਇਸ ਪਾਈਪ ਲਾਈਨ ਨੂੰ ਤੋੜੇ ਬਿਨਾਂ ਪੰਜਾਬ ਦੇ ਵਿੱਚੋਂ ਡਰੱਗ ਮਾਫੀਏ ਦੀਆਂ ਜੜਾਂ ਉਖਾੜੀਆਂ ਨਹੀਂ ਜਾ ਸਕਦੀਆਂ ਉਹਨਾਂ ਸਮੂੰਹ ਪੰਜਾਬੀਆਂ, ਪੰਜਾਬ ਦੇ ਦਰਦਮੰਦਾਂ, ਜਾਗਦੀਆਂ ਤੇ ਆਜ਼ਾਦ ਜਮੀਰਾਂ ਨੂੰ ਸੱਦਾ ਦਿੱਤਾ ਕਿ ਆਓ ਪੰਜਾਬ ਦੀਆਂ ਮਾਵਾਂ ਦੇ ਪੁੱਤ ਬਚਾਉਣ ਲਈ ਧੀਆਂ ਦੇ ਸੁਹਾਗ ਬਚਾਉਣ ਲਈ ਭੈਣਾਂ ਦੇ ਭਰਾ ਬਚਾਉਣ ਲਈ ,ਬੁੱਢੇ ਮਾਪਿਆਂ ਦੀ ਬੁਢਾਪੇ ਦੀ ਡੰਗੋਰੀ ਬਚਾਉਣ ਲਈ ਆਓ ਬਹੁਜਨ ਸਮਾਜ ਪਾਰਟੀ ਦਾ ਦੀ ਪੰਜਾਬ ਸੰਭਾਲੋ ਮੁਹਿੰਮ ਦਾ ਹਿੱਸਾ ਬਣੀਏ ,ਇਸਦੀ ਸ਼ਕਤੀ ਬਣੋ , ਬਸਪਾ ਨੂੰ ਅਸ਼ੀਰਵਾਦ ਦਿਓ ਪੰਜਾਬ ਸੰਭਾਲੋ ਮੁਹਿੰਮ ਦੀ ਸਫਲਤਾ ਹੀ ਪੰਜਾਬ ਵਿੱਚੋਂ ਡਰੱਗ ਮਾਫੀਆ ਦੀਆਂ ਜੜਾਂ ਉਖੇੜ ਕੇ ਸੁੱਟ ਦੇਵੇ ਬੇਰੁਜ਼ਗਾਰ ਨੌਜਵਾਨ ਬੇਰੁਜ਼ਗਾਰੀ ਦੇ ਕਾਰਨ ਵਿਦੇਸ਼ਾਂ ਨੂੰ ਜਾ ਰਹੇ ਆ ਪੰਜਾਬ ਦਾ ਹਜ਼ਾਰਾਂ ਕਰੋੜ ਰੁਪੈ ਵਿਦੇਸ਼ਾਂ ਦੀਆਂ ਯੂਨੀਵਰਸਿਟੀਆਂ ਦੇ ਵਿੱਚ ਫੀਸਾਂ ਦੇ ਤੌਰ ਤੇ ਚਲਿਆ ਗਿਆ। ਬਹੁਜਨ ਸਮਾਜ ਪਾਰਟੀ ਬੇਰੁਜ਼ਗਾਰ ਨੌਜਵਾਨਾਂ ਨੂੰ ਜਿਹੜੇ ਧਰਨੇ ਲਗਾ ਰਹੇ ਹਨ ਅਤੇ ਪੁਲਿਸ ਜਬਰ ਦਾ ਸ਼ਿਕਾਰ ਹੋ ਰਹੇ ਹਨ। ਉਹਨਾਂ ਬੇਰੁਜ਼ਗਾਰ ਨੌਜਵਾਨਾਂ ,ਧੀਆਂ ਭੈਣਾਂ ਅਤੇ ਨੌਜਵਾਨਾਂ ਨੂੰ ਸੱਦਾ ਕਿ ਉਹ ਬਸਪਾ ਦੀ ਪੰਜਾਬ ਸੰਭਾਲੋ ਮਹਿਮ ਦਾ ਹਿੱਸਾ ਬਣਨ ਤਾਂ ਜੋ ਬਸਪਾ ਬੇਰੁਜ਼ਗਾਰੀ ਦੀ ਸਮੱਸਿਆ ਦਾ ਸਮਾਧਾਨ ਹੱਲ ਕਰੂਗੀ ।ਪੰਜਾਬ ਦੀ ਸਿੱਖਿਆ ਕ੍ਰਾਂਤੀ 100% ਫੇਲ ਹੋ ਗਈ ਹੈ,ਬਹੁਜਨ ਸਮਾਜ ਪਾਰਟੀ ਐਜੂਕੇਸ਼ਨ ਕ੍ਰਾਂਤੀ ਦਾ ਅਜੰਡਾ ਪੰਜਾਬ ਸੰਭਾਲੋ ਮੁਹਿੰਮ ਵਿੱਚ ਲੈ ਕੇ ਚੱਲੀ ਹੈ। ਸੰਗਤਾਂ ਦਾ ਆਸ਼ੀਰਵਾਦ ਮਿਲੇਗਾ ਮੁਫਤ ਅਤੇ ਲਾਜ਼ਮੀ ਸਿੱਖਿਆ ਦਾ ਕਾਨੂੰਨ ਲਾਗੂ ਕੀਤਾ ਜਾਏਗਾ। 100% ਸਰਕਾਰੀ ਸਕੂਲਾਂ ਦੇ ਵਿੱਚ ਅਧਿਆਪਕ ਦਿੱਤੇ ਜਾਣਗੇ ਸਰਕਾਰੀ ਹਸਪਤਾਲਾਂ ਚ ਡਾਕਟਰ ਹੋਣਗੇ ਲੋੜੇਦੀ ਮਸ਼ੀਨਰੀ ਹੋਏਗੀ। ਪੰਜਾਬ ਕਰਜੇ ਤੇ ਬੋਝ ਥੱਲੇ ਦੱਬਿਆ ਪਿਆ ਹੈ ਪੰਜਾਬ ਨੂੰ ਕਰਜ਼ੇ ਦੇ ਸੰਕਟ ਚੋਂ ਕੱਢਣ ਲਈ ਆਰਥਿਕ ਨੀਤੀ ਲਾਗੂ ਕੀਤੀ ਜਾਊਗੀ ਤੇ ਪੰਜਾਬ ਦੇ ਵਿੱਚ ਹਰ ਵਕਤ ਸੜਕਾਂ ਤੇ ਸੰਘਰਸ਼ ਕਰਨ ਲਈ ਮਜਬੂਰ ਕਿਸਾਨ ਉਹਨਾਂ ਦੇ ਮਸਲਿਆਂ ਦਾ ਵੀ ਸਾਰਥਿਕ ਹੱਲ ਲੱਭਿਆ ਜਾਊਗਾ, ਉਹਨਾਂ ਸਾਰੇ ਪੰਜਾਬੀਆਂ ਨੂੰ ਨੂੰ ਸੱਦਾ ਦਿੰਦਿਆਂ ਕਿਹਾ ਕਿ ਆਓ 78 ਸਾਲ ਜਿਨਾਂ ਨੇ ਪੰਜਾਬ ਦੇ ਲੱਖਾਂ ਨੌਜਵਾਨਾਂ ਦੇ ਚਿੱਟੇ ਨਾਲ ਸਿਵੇ ਬਾਲ ਦਿੱਤੇ,ਆਓ ਪੰਜਾਬ ਦੀ ਧਰਤੀ ਨੂੰ ਸ਼ਾਂਤ ਕਰਨੇ ਦੇ ਲਈ ਆਓ ਪੰਜਾਬ ਦੀ ਜਵਾਨੀ ਬਚਾਉਣ ਲਈ ਪੰਜਾਬ ਨੂੰ ਇਸ ਸੰਕਟ ਚੋਂ ਕੱਢਣ ਲਈ 78 ਸਾਲਾਂ ਦੇ ਹਾਕਮ ਕਾਂਗਰਸ ਅਕਾਲੀ ਭਾਜਪਾ ਅਤੇ ਆਪ ਜਿਹੜੇ ਪੰਜਾਬ ਨੂੰ ਬਰਬਾਦ ਕਰਨ ਲਈ ਉਜਾੜਨ ਲਈ ਜਿੰਮੇਵਾਰ ਹਨ ਇਹਨਾਂ ਨੂੰ ਰੱਦ ਕਰੀਏ ਅਤੇ ਬਹੁਜਨ ਸਮਾਜ ਪਾਰਟੀ ਦੀ ਪੰਜਾਬ ਸੰਭਾਲੋ ਮੁਹਿੰਮ ਨਾਲ ਜੁੜ ਕੇ ਇਸ ਵਾਰ ਇੱਕ ਮੌਕਾ ਬਹੁਜਨ ਸਮਾਜ ਪਾਰਟੀ ਨੂੰ ਦਈਏ ਤਾਂ ਕਿ ਪੰਜਾਬ ਨੂੰ ਇਸ ਘੋਰ ਅੰਧਕਾਰ ਚੋਂ ਕੱਢ ਕੇ ਇੱਕ ਨਵੇਂ ਅਤੇ ਸਿਹਤ ਮੰਦ ਪੰਜਾਬ ਦਾ ਨਿਰਮਾਣ ਕੀਤਾ ਜਾ ਸਕੇ ਸ੍ਰੀ ਕਰੀਮਪੁਰੀ ਨੇ ਠਾਠਾ ਮਾਰਦੇ ਇਕੱਠ ਨੂੰ ਸੰਬੋਧਨ ਕਰਦਿਆਂ ਇਹ ਵੀ ਕਿਹਾ ਕਿ ਮਨਰੇਗਾ ਦੇ ਵਿੱਚ ਕੰਮ ਕਰਦੇ ਮਜ਼ਦੂਰਾਂ ਨੂੰ ਸਰਕਾਰੀ ਕਰਮਚਾਰੀ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਕੇਂਦਰ ਦੀ ਸਰਕਾਰ ਰੁਜ਼ਗਾਰ ਦੇ ਸੌ ਦਿਨ ਤੋਂ ਵਧਾ ਕੇ ਪੂਰੇ 365 ਦਿਨ ਕਰੇ ਔਰ ਸਰਕਾਰੀ ਕਰਮਚਾਰੀਆਂ ਨੂੰ ਜੋ ਸੁੱਖ ਸੁਵਿਧਾ ਮਿਲਦੀ ਆ ਛੁੱਟੀਆਂ ਸਰਕਾਰੀ ਕਰਮਚਾਰੀਆਂ ਦੇ ਮੁਤਾਬਕ ਕੀਤੀਆਂ ਜਾਣ ਔਰ ਉਹਨਾਂ ਦੀ ਜਿਹੜੀਆਂ ਘੱਟੋ ਘੱਟ ਉਜਰਤਾਂ ਜਿਹੜੀਆਂ ਉਹਨਾਂ ਵਿੱਚ ਵਾਧਾ ਕਰਕੇ ਉਹਨਾਂ ਨੂੰ ਸਨਮਾਨਜਨਕ ਮਜ਼ਦੂਰੀ ਦਿੱਤੀ ਜਾਵੇ ਔਰ ਜਿੱਥੇ ਉਹਨਾਂ ਦੀ ਹਾਜ਼ਰੀ ਲਗਾਈ ਜਾਂਦੀ ਉੱਥੇ ਹੀ ਉਹਨਾਂ ਤੋਂ ਕੰਮ ਲਿਆ ਜਾਏ ਹਾਜ਼ਰੀ ਕਿਸੇ ਹੋਰ ਪਾਸੇ ਤੇ ਕੰਮ ਕਿਸੇ ਹੋਰ ਪਾਸੇ ਇਸ ਸ਼ੋਸ਼ਣ ਦੀ ਵਿਵਸਥਾ ਦਾ ਅੰਤ ਹੋਣਾ ਚਾਹੀਦਾ ਹੈ ਅਤੇ ਮਨਰੇਗਾ ਮਜ਼ਦੂਰਾਂ ਦੀ ਮਜ਼ਦੂਰੀ ਵੀ ਸਮੇਂ ਸਿਰ ਨਹੀਂ ਮਿਲਦੀ ਔਰ ਮਜ਼ਦੂਰ ਦੀ ਮਜ਼ਦੂਰੀ ਉਸਦਾ ਪਸੀਨਾ ਸੁੱਕਣ ਤੋਂ ਪਹਿਲਾਂ ਮਿਲ ਜਾਣੀ ਚਾਹੀਦੀ ਹੈ। ਇਹ ਆਰਥਿਕ ਕ੍ਰਾਂਤੀ ਜਿਹੜੇ ਮੁਲਕਾਂ ਨੇ ਕੀਤੀ ਆ ਉਹਨਾਂ ਨੇ ਇਸ ਸਿਧਾਂਤ ਦਾ ਪਾਲਣ ਵੀ ਕੀਤਾ ਹੈ ,ਕੇਂਦਰ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪੰਜਾਬ ਸਰਕਾਰ ਮਨਰੇਗਾ ਮਜ਼ਦੂਰਾਂ ਨੂੰ ਸਾਡਾ ਸੱਦਾ ਆ ਕਿ ਉਹ ਪੰਜਾਬ ਸੰਭਾਲੋ ਮਹਿਮ ਦਾ ਹਿੱਸਾ ਬਣ ਬਹੁਜਨ ਸਮਾਜ ਪਾਰਟੀ ਕੇਂਦਰ ਸਰਕਾਰ ਨੂੰ ਪਾਬੰਦ ਕਰੇਗੀ ਕਿ ਉਹ ਮਨਰੇਗਾ ਮਜ਼ਦੂਰਾਂ ਦੀਆਂ ਸਮੱਸਿਆਵਾਂ ਦਾ ਸਮਾਧਾਨ ਕਰੇ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਆਸ਼ਾ ਵਰਕਰ, ਆਂਗਨਵਾੜੀ ਵਰਕਰ, ਕੱਚੇ ਕਰਮਚਾਰੀ, ਚੌਕੀਦਾਰ, ਨੰਬਰਦਾਰ, ਕਾਰਪੋਰੇਸ਼ਨ ਦੇ ਵਿੱਚ ਕੰਮ ਕਰਨ ਵਾਲੇ ਕੱਚੇ ਮੁਲਾਜ਼ਮ, ਰੈਸਟ ਹਾਊਸ ਵਿੱਚ,ਸੜਕਾਂ ਤੇ ਕਿਤੇ ਵੀ ਜਿਹੜੇ ਠੇਕੇਦਾਰੀ ਸਿਸਟਮ ਦੇ ਤਹਿਤ ਭਰਤੀ ਕੀਤੇ ਗਏ ਹਨ ਜਿਨਾਂ ਨੂੰ ਪੰਜਾਬ ਸਰਕਾਰ ਅਸ਼ਵਾਸਨ ਦੇ ਕੇ ਆਏ ਸੀ ਕਿ ਅਸੀਂ ਆਵਾਂਗੇ ਪੱਕੇ ਕਰਾਂਗੇ ਪਰ ਧੋਖਾ ਕੀਤਾ ਅੱਜ ਤੱਕ ਨਹੀਂ ਕੀਤਾ, ਉਹਨਾਂ ਸਭ ਨੂੰ ਸੱਦਾ ਦਿੱਤਾ ਕਿ ਬੀ ਐਸ ਪੀ ਪੰਜਾਬ ਸੰਭਾਲੋ ਮਹਿਮ ਨੂੰ ਤੁਸੀਂ ਆਸ਼ੀਰਵਾਦ ਦਿਓਗੇ, ਬਸਪਾ ਸੱਤਾ ਵਿੱਚ ਆਉਗੀ ਤੇ ਪੰਜਾਬ ਦੇ ਸਾਰੇ ਠੇਕੇ ਤੇ ਭਰਤੀ ਕੀਤੇ ਗਏ ਕਰਮਚਾਰੀਆਂ ਨੂੰ ਪੱਕਾ ਕਰਾਂਗੇ ਅਤੇ ਅੱਗੇ ਤੋਂ ਠੇਕੇਦਾਰੀ ਸਿਸਟਮ ਨੂੰ ਬੰਦ ਕਰਾਂਗੇ। ਆਉਟਸੋਰਸ ਦੀ ਭਰਤੀ ਬੰਦ ਕਰਾਂਗੇ ਜੋ ਵਿਧੀਵੱਧ ਸਿਸਟਮ ਹੈ ਸਰਕਾਰੀ ਨੌਕਰੀਆਂ ਦੀ ਭਰਤੀ ਦਾ ਉਸ ਸਿਸਟਮ ਨੂੰ ਬਹੁਜਨ ਸਮਾਜ ਪਾਰਟੀ ਪਾਰਦਰਸ਼ਤਾ ਨਾਲ ਲਾਗੂ ਕਰੇਗੀ। ਕਰਜ਼ਾ ਚਾਰ ਦੀਆਂ ਅਸਾਮੀਆਂ ਜਿਵੇਂ ਮੇਟ, ਮਾਲੀ, ਚੌਂਕੀਦਾਰ, ਸਫਾਈ ਸੇਵਕ, ਆਦਿ ਸਾਰੀਆਂ ਕਾਂਗਰਸ ਨੇ ਆਪਦੇ ਰਾਜ ਚ ਖਤਮ ਕਰ ਦਿੱਤੀਆਂ ਸਨ ਇਹ ਸਾਰੀਆਂ ਦਰਜਾਚਾਰ ਦੀਆਂ ਅਸਾਮੀਆਂ ਬਸਪਾ ਦੀ ਸਰਕਾਰ ਬਣਨ ਉਪਰੰਤ ਮੁੜ ਬਹਾਲ ਕੀਤੀਆਂ ਜਾਣਗੀਆਂ ਇਸ ਸਮੇ ਪਰਜਾਪਤੀ ਸ੍ਰੀ ਅਜੀਤ ਸਿੰਘ ਭੈਣੀ ਸੂਬਾ ਇੰਚਾਰਜ ਨੇ ਬੋਲਦਿਆਂ ਕਿਹਾ ਕਿ ਪਛੜੇ ਵਰਗਾ ਨਾਲ ਲੰਬੇ ਸਮੇਂ ਤੋਂ ਬੇਇਨਸਾਫੀ ਹੁੰਦੀ ਆ ਰਹੀ ਹੈ ਉਹਨਾਂ ਕਿਹਾ ਕਿ ਦੇਸ਼ ਦੇ ਅੰਦਰ 52% ਆਬਾਦੀ ਵਾਲਾ ਪਿਛਲਾ ਸਮਾਜ ਅੱਜ ਵੀ ਉਹ ਰਾਜਨੀਤਿਕ ਪ੍ਰਸ਼ਾਸਨਿਕ ਆਰਥਿਕ ਹਿੱਸੇਦਾਰੀ ਤੋਂ ਵੰਚਿਤ ਹੈ ਅੱਜ ਤੱਕ ਦੇ ਹੁਕਮਰਾਨਾਂ ਨੇ ਉਹਨਾਂ ਨੂੰ ਬਣਦੇ ਹੱਕ ਅਧਿਕਾਰ ਨਹੀਂ ਦਿੱਤੇ ਇਸ ਕਰਕੇ ਪੱਛੜੀਆਂ ਸ਼੍ਰੇਣੀਆਂ ਨੂੰ ਉਹਨਾਂ ਨੇ ਅਪੀਲ ਕੀਤੀ ਕਿ ਜਿਸ ਤਰਾਂ ਉੱਤਰ ਪ੍ਰਦੇਸ਼ ਵਿੱਚ ਭੈਣ ਕੁਮਾਰੀ ਮਾਇਆਵਤੀ ਜੀ ਨੇ ਜਿੰਨੀ ਜਿਨਾਂ ਦੀ ਸੰਖਿਆ ਭਾਰੀ ਉਨੀ ਉਹਨਾਂ ਦੀ ਹਿੱਸੇਦਾਰੀ ਸੋਚ ਨੂੰ ਅਪਣਾਉਂਦੇ ਹੋਏ ਪਛੜੀਆਂ ਸ਼੍ਰੇਣੀਆਂ ਨੂੰ 27% ਮੰਡਲ ਕਮਿਸ਼ਨ ਰਿਪੋਰਟ ਲਾਗੂ ਕਰਕੇ ਨੌਕਰੀਆਂ ਵਿੱਚ ਰਾਖਵਾਂ ਕਰਨ ਲਾਗੂ ਕੀਤਾ ਗਿਆ ਸੀ ਉਸੇ ਤਰਾਂ ਪੰਜਾਬ ਵਿੱਚ ਵੀ ਪਹਿਲ ਦੇ ਅਧਾਰ ਤੇ ਪਛੜੇ ਵਰਗਾਂ ਲਈ 27% ਰਾਖਵਾਂ ਕਰਨ ਲਾਗੂ ਕੀਤਾ ਜਾਵੇਗਾ ।ਉੱਤਰ ਪ੍ਰਦੇਸ਼ ਵਿੱਚ ਪ੍ਰਸ਼ਾਸਨਿਕ ਢਾਂਚੇ ਚ ਅੱਗੇ ਵਧਣ ਦੇ ਮੌਕੇ ਦਿੱਤੇ ,ਸੱਤਾ ਦੇ ਵਿੱਚ ਮੰਤਰੀ ਮੰਡਲ ਦੇ ਵਿੱਚ ਪ੍ਰਸ਼ਾਸਨ ਦੇ ਵਿੱਚ ਮੌਕੇ ਦਿੱਤੇ ਇਸੇ ਤਰ੍ਹਾਂ ਪਛੜੀਆਂ ਸ਼੍ਰੇਣੀਆਂ ਪਿਛਲੇ 78 ਸਾਲਾਂ ਤੋਂ ਆਪਣੇ ਨਾਲ ਹੋ ਰਹੀ ਬੇਇਨਸਾਫੀ ਦੇ ਅੰਤ ਲਈ ਪੰਜਾਬ ਵਿੱਚ ਕਾਂਗਰਸ ਅਕਾਲੀ ਭਾਜਪਾ ਆਪ ਨੂੰ ਨਕਾਰ ਕੇ ਰੱਦ ਕਰਕੇ ਬਹੁਜਨ ਸਮਾਜ ਪਾਰਟੀ ਦੀ ਪੰਜਾਬ ਸੰਭਾਲੋ ਮਹਿਮ ਦਾ ਹਿੱਸਾ ਬਣਨ ,ਯੂ ਪੀ ਦੀ ਤਰ੍ਹਾਂ ਪੰਜਾਬ ਵਿੱਚ ਵੀ ਬੈਕਵਰਡ ਕਲਾਸਾਂ ਨੂੰ ਬਹੁਜਨ ਸਮਾਜ ਪਾਰਟੀ ਮੰਡਲ ਕਮਿਸ਼ਨ ਲਾਗੂ ਕਰਕੇ 27 ਫੀਸਦੀ ਹਿੱਸੇਦਾਰੀ ਦਏਗੀ ਅਤੇ ਪੰਜਾਬ ਦੇ ਅੰਦਰ ਰਾਜਨੀਤਿਕ ਹਿੱਸੇਦਾਰੀ ਪ੍ਰਸ਼ਾਸਨਿਕ ਹਿੱਸੇਦਾਰੀ ਆਰਥਿਕ ਤਰੱਕੀ ਦਾ ਰਸਤਾ ਵੀ ਬਹੁਜਨ ਸਮਾਜ ਪਾਰਟੀ ਖੋਲੇਗੀ। ਇਸ ਸਮੇਂ ਬਲਦੇਵ ਸਿੰਘ ਮਹਿਰਾ ਸੂਬਾ ਮੀਤ ਪ੍ਰਧਾਨ, ਜੋਗਾ ਸਿੰਘ ਪਨੌਦੀਆਂ ਜੋਨ ਇੰਚਾਰਜ, ਸ੍ਰੀ ਅਮਰਜੀਤ ਸਿੰਘ ਜਲੂਰ ਜੋਨ ਇੰਚਾਰਜ, ਚਮਕੌਰ ਸਿੰਘ ਵੀਰ ਸੂਬਾ ਜਨਰਲ ਸਕੱਤਰ, ਠੇਕੇਦਾਰ ਭਗਵਾਨ ਦਾਸ ਜਨਰਲ ਸਕੱਤਰ ਡਾਕਟਰ ਮੱਖਣ ਸਿੰਘ ਸੂਬਾ ਜਨਰਲ ਸਕੱਤਰ, ਰਾਜਾ ਰਜਿੰਦਰ ਸਿੰਘ, ਬਾਬਾ ਕਰਨੈਲ ਸਿੰਘ ਸਕੱਤਰ ,ਸਤਿਗੁਰ ਸਿੰਘ ਕੌਹਰੀਆਂ ਜਿਲ੍ਹਾ ਪ੍ਰਧਾਨ ਸੰਗਰੂਰ, ਸਰਬਜੀਤ ਸਿੰਘ ਖੇੜੀ ਜਿਲਾ ਪ੍ਰਧਾਨ ਬਰਨਾਲਾ, ਜਗਤਾਰ ਸਿੰਘ ਨਾਰੀਕੇ ਜਿਲਾ ਪ੍ਰਧਾਨ ਮਲੇਰਕੋਟਲਾ, ਮੈਡਮ ਬਲਜੀਤ ਕੌਰ ਵਿਰਕ, ਡਾ ਜਗਜੀਵਨ ਸਿੰਘ, ਸੂਬੇਦਾਰ ਰਣਧੀਰ ਸਿੰਘ ਨਾਗਰਾ, ਦਰਸ਼ਨ ਸਿੰਘ ਨਦਾਮਪੁਰ, ਅਮਨ ਬੋਧ ਲਹਿਰਾ, ਡਾ ਰਾਜ ਕੁਮਾਰ, ਜਗਸੀਰ ਸਿੰਘ, ਭੋਲਾ ਸਿੰਘ ਧਰਮਗੜ੍ਹ, ਪਵਿੱਤਰ ਸਿੰਘ, ਡਾ ਮਿੱਠੂ ਸਿੰਘ, ਰਾਮਪਾਲ ਸਿੰਘ, ਅਮਰੀਕ ਸਿੰਘ ਕੈਂਥ, ਗੁਰਮੇਲ ਸਿੰਘ ਧੂਰੀ, ਹਰਬੰਸ ਸਿੰਘ ਛੀਨੀਵਾਲ, , ਡਾ ਸੋਮਾ ਸਿੰਘ, ਦਰਸ਼ਨ ਸਿੰਘ ਜਲੂਰ, ਸਤਪਾਲ ਸਿੰਘ, ਜਗਰੂਪ ਸਿੰਘ ਤਪਾ, ਦਰਸ਼ਨ ਸਿੰਘ ਮਹਿਤੇ,ਲੈਕ ਨਰਿੰਦਰ ਸਿੰਘ, ਸੁਖਵਿੰਦਰ ਸਿੰਘ ਭਦੌੜ,ਨਿਰਮਲ ਸਿੰਘ ਮੱਟੂ, ਹਰੀ ਕ੍ਰਿਸ਼ਨ, ਹਾਕਮ ਸਿੰਘ ਭੌਰਾ, ਗੁਰਮੇਲ ਸਿੰਘ ਰੰਗੀਲਾ, ਗੁਰਦੇਵ ਸਿੰਘ ਘਾਬਦਾਂ, ਗੁਰਦੇਵ ਸਿੰਘ ਸਿੰਧੜਾ, ਓਮ ਪ੍ਰਕਾਸ਼ ਸਰੋਏ, ਗੁਰਮੇਲ ਸਿੰਘ ਧੂਰੀ, ਰਾਮ ਸਿੰਘ ਲੌਂਗੋਵਾਲ, ਕਸ਼ਮੀਰਾ ਸਿੰਘ,ਪੇਮ ਸਿੰਘ, ਸ਼ਮਸ਼ਾਦ ਅਨਸਾਰੀ , ਮੈਡਮ ਪਰਮਿੰਦਰ ਕੌਰ, ਮੈਡਮ ਸੁਰਿੰਦਰ ਕੌਰ, ਪਰਮਜੀਤ ਕੌਰ, ਬਲਜੀਤ ਕੌਰ,ਕਰਨੈਲ ਕੌਰ ਮਹਿਰਾ,ਨਾਸਰਾ ਪ੍ਰਵੀਨ ਅਨਸਾਰੀ, ਆਦਿ ਵੱਡੀ ਗਿਣਤੀ ਵਿੱਚ ਬਸਪਾ ਵਰਕਰ ਮੌਜੂਦ ਸਨ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 22 ਜੂਨ
INTERNATIONAL PAPER, 9463601616
hardipchumber57@gmail.com

# ਯੋਗਾ ਸਰੀਰਕ ਕਸਰਤ ਪਰ ਸਮਾਜ 'ਚ ਵਿਚਰਨ ਲਈ ਗੱਤਕਾ ਜਰੂਰੀ

ਹਰਜੀਤ ਸਿੰਘ ਗਰੇਵਾਲ, ਸਟੇਟ ਐਵਾਰਡੀ
(76588-00000)



## (ਗੱਤਕਾ ਅਤੇ ਯੋਗਾ ਦਾ ਤੁਲਨਾਤਮਕ ਅਧਿਐਨ)

ਕੇਂਦਰ ਸਰਕਾਰ ਵੱਲੋਂ ਰਾਜਸੀ ਸਰਗਰਮੀਆਂ ਦੀ ਲੜੀ ਹੇਠ ਦੇਸ਼ ਵਿੱਚ ਪਿਛਲੇ 11 ਸਾਲਾਂ ਤੋਂ 21 ਜੂਨ ਨੂੰ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਜਾਣਾ ਸ਼ੁਰੂ ਕੀਤਾ ਗਿਆ ਹੈ ਪਰ ਇਸੇ ਦਿਨ ਸਿੱਖ ਆਪਣੀ ਸ਼ਾਨਮੱਤੀ ਜੰਗਜੂ ਵਿਰਾਸਤ ਦੀਆਂ ਪਰੰਪਰਾਵਾਂ ਦਾ ਸਨਮਾਨ ਕਰਦਿਆਂ ਅੰਤਰਰਾਸ਼ਟਰੀ ਗੱਤਕਾ ਦਿਵਸ ਮਨਾਉਂਦੇ ਹਨ। ਯੋਗਾ ਨੂੰ ਅਕਸਰ ਅੰਦਰੂਨੀ ਸਿਧਾਈ ਅਤੇ ਮਾਨਸਿਕ ਸ਼ਾਂਤੀ ਲਈ ਇੱਕ ਕਸਰਤ ਵਜੋਂ ਅਪਣਾਇਆ ਜਾਂਦਾ ਹੈ ਜਦਕਿ ਸਿੱਖ ਸ਼ਸ਼ਤਰ ਕਲਾ ਗੱਤਕਾ ਮੀਰੀ-ਪੀਰੀ ਦਾ ਸੰਪੂਰਨ ਅਨੁਸ਼ਾਸਨ, ਅਧਿਆਤਮਿਕਤਾ ਅਤੇ ਬਹਾਦਰੀ ਦਾ ਪ੍ਰਤੀਕ ਹੈ ਜੋ ਨਾ ਕੇਵਲ ਜਿਸਮ ਨੂੰ ਮਜ਼ਬੂਤੀ ਬਖਸ਼ਦਾ ਹੈ ਸਗੋਂ ਮਨ ਤੇ ਸੋਚ ਨੂੰ ਵੀ ਦ੍ਰਿੜ ਕਰਦਾ ਹੈ। ਆਤਮਾ ਨੂੰ ਉੱਚੀ-ਸੁੱਚੀ ਬਣਾਉਂਦਾ ਹੈ ਅਤੇ ਗੱਤਕਈ ਨੂੰ ਆਪਣੀ ਸਵੈ-ਰੱਖਿਆ ਅਤੇ ਹੋਰਨਾਂ ਦੀ ਰੱਖਿਆ ਲਈ ਤਿਆਰ ਕਰਦਾ ਹੈ।

ਯੋਗਾ ਨਾਲ ਸਰੀਰ ਤਾਂ ਠੀਕ ਰੱਖਿਆ ਜਾ ਸਕਦਾ ਹੈ ਪਰ ਸਮਾਜ ਵਿੱਚ ਹਰ ਤਰੀਕੇ ਨਾਲ ਵਿਚਰਨ ਲਈ ਸ਼ਸ਼ਤਰ ਕਲਾ ਦੀ ਲੋੜ ਪੈਂਦੀ ਹੈ ਜਿਸ ਕਰਕੇ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਅਧਿਆਤਮਿਕਤਾ ਲਈ ਸ਼ਾਸਤਰ ਵਿੱਦਿਆ ਅਤੇ ਸਵੈ-ਰੱਖਿਆ ਤੇ ਸਮਾਜ ਦੀ ਰੱਖਿਆ ਲਈ ਸ਼ਸ਼ਤਰ ਵਿੱਦਿਆ ਵੀ ਲਾਜਮੀ ਕੀਤੀ। ਸੁਰੱਖਿਆ, ਪਹਿਚਾਣ, ਭਾਸ਼ਾ ਅਤੇ ਨਸ਼ਿਆਂ ਦੀ ਵਰਤੋਂ ਬਾਰੇ ਵਧ ਰਹੀ ਵਿਸ਼ਵਵਿਆਪੀ ਚਿੰਤਾ ਦੇ ਮੱਦੇਨਜਰ ਇਸ ਲੇਖ ਰਾਹੀਂ ਗੱਤਕਾ ਅਤੇ ਯੋਗਾ ਦੇ ਤੁਲਨਾਤਮਕ ਅਧਿਐਨ ਉਪਰ ਚਰਚਾ ਕੀਤੀ ਗਈ ਹੈ। ਇਸ ਤੋਂ ਇਲਾਵਾ ਉਹਨਾਂ ਦੇ ਮੂਲ ਤੱਤਾਂ, ਵਿਗਿਆਨਕ ਅਤੇ ਸਮਾਜਿਕ ਸਾਰਥਕਤਾ, ਨੈਤਿਕ ਨਿਯਮਾਂ ਅਤੇ ਆਧੁਨਿਕ ਸਮਾਜ 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਵੀ ਉਜਾਗਰ ਕੀਤਾ ਹੈ।

### 1. ਮੂਲ ਅਤੇ ਦਾਰਸ਼ਨਿਕ ਬੁਨਿਆਦ :

ਸਿੱਖ ਵਿਰਾਸਤ : ਸ਼ਸ਼ਤਰ ਕਲਾ ਗੱਤਕਾ ਮੀਰੀ-ਪੀਰੀ ਦਾ ਸੰਪੂਰਨ ਅਨੁਸ਼ਾਸਨ ਅਤੇ ਸਵੈ-ਰੱਖਿਆ ਵਜੋਂ ਸਿੱਖ ਵਿਰਾਸਤ ਮੂਲ ਅੰਗ ਹੈ ਜੋ ਕਿ 17ਵੀਂ ਸਦੀ ਦੌਰਾਨ ਸਿੱਖ ਗੁਰੂ ਸਾਹਿਬਾਨ ਵੱਲੋਂ ਸਥਾਪਤ ਅਤੇ ਵਿਕਸਤ ਕੀਤਾ ਗਿਆ ਤਾਂ ਜੋ ਤੱਤਕਾਲੀ ਮੁਗਲ ਸ਼ਾਸ਼ਕਾਂ ਦੇ ਅੱਤਿਆਚਾਰ ਨੂੰ ਰੋਕਣ ਲਈ ਖਾਲਸੇ ਨੂੰ ਅਧਿਆਤਮਿਕ ਸ਼ਕਤੀ ਅਤੇ ਜੰਗਜੂ ਉੱਤਮਤਾ ਨਾਲ ਲੈਸ ਕੀਤਾ ਜਾ ਸਕੇ।

ਫ਼ਲਸਫ਼ਾ : ਮੀਰੀ-ਪੀਰੀ ਸਿਧਾਂਤ 'ਤੇ ਅਧਾਰਤ ਗੱਤਕਾ ਇੱਕ ਵਿਲੱਖਣ ਸਵੈ-ਰੱਖਿਆ ਸਈ ਜੰਗਜੂ ਕਲਾ ਹੈ ਜੋ ਰੂਹਾਨੀਅਤ ਅਤੇ ਪ੍ਰਭੂਸੱਤਾ ਦਾ ਸੰਪੂਰਨ ਸੁਮੇਲ ਹੈ। ਇਹ ਸੰਤ-ਸਿਪਾਹੀ ਲਈ ਇੱਕ ਅਜਿਹਾ ਮਾਰਗ ਹੈ ਜੋ ਤਾਕਤਵਰ ਵਿੱਚ ਨਿਮਰਤਾ ਅਤੇ ਲੜਾਈ ਦੌਰਾਨ ਦਇਆ ਨੂੰ ਉਭਾਰਦਾ ਹੈ।

ਯੋਗਾ : ਅੰਦਰੂਨੀ ਮੁਕਤੀ ਦਾ ਮਾਰਗ

ਮੂਲ : ਪ੍ਰਾਚੀਨ ਵੈਦਿਕ ਫ਼ਲਸਫ਼ੇ ਦੀ ਜੜ੍ਹ ਅਤੇ ਪਤੰਜਲੀ ਦੁਆਰਾ ਸ਼ੁਰੂ ਕੀਤਾ ਯੋਗਾ ਇੱਕ ਅਧਿਆਤਮਿਕ ਸਾਧਨਾ ਵਜੋਂ ਉਭਰਿਆ ਜਿਸਦਾ ਉਦੇਸ਼ ਸਿਰਫ ਸਵੈ-ਅਨੁਭਵ ਅਤੇ ਮਾਨਸਿਕ ਸ਼ਾਂਤੀ ਹੈ। ਫ਼ਲਸਫ਼ਾ : ਦੁਨਿਆਵੀ ਭਰਮਾਂ ਤੋਂ ਨਿਰਲੇਪਤਾ ਅਤੇ ਯੋਗਾ ਆਸਣਾਂ, ਸਾਹ ਪ੍ਰਕਿਰਿਆ ਅਤੇ ਧਿਆਨ ਦੁਆਰਾ ਮਨ ਅਤੇ ਸਰੀਰ





ਦੀ ਸ਼ੁੱਧਤਾ 'ਤੇ ਕੇਂਦ੍ਰਿਤ ਕਰਦਾ ਹੈ।

### 2. ਵਿਗਿਆਨਕ, ਸਮਾਜਿਕ ਅਤੇ ਰੱਖਿਆਤਮਕ ਲਾਭ :

ਗੱਤਕਾ : ਪੂਰੇ ਸਰੀਰ ਸਣੇ ਅੱਖਾਂ, ਦਿਮਾਗ ਤੇ ਦਿਲ ਦੀਆਂ ਸਾਰੀਆਂ ਮਾਸਪੇਸ਼ੀਆਂ ਦੀ ਕਸਰਤ ਕਰਾਉਂਦਾ ਹੈ।

- ਫੁਰਤੀ ਤੇ ਮੁਸਤੈਦੀ ਵਧਾਉਣ ਅਤੇ ਲੜਾਈ ਮੌਕੇ ਫੌਰੀ ਕਾਰਵਾਈ ਕਰਨੀ ਸਿਖਾਉਂਦਾ ਹੈ।
- ਸਵੈ-ਰੱਖਿਆ ਲਈ ਜੰਗਜੂ ਤਕਨੀਕਾਂ ਨਾਲ ਸ਼ਕਤ ਬਣਾਉਂਦਾ ਹੈ।
- ਅਨੁਸ਼ਾਸਨ, ਬਹਾਦਰੀ, ਮਾਨਸਿਕ ਮਜਬੂਤੀ ਤੇ ਸਰੀਰਕ ਲਚਕਤਾ ਵਧਾਉਂਦਾ ਹੈ।
- ਹਰ ਤਰਾਂ ਦੇ ਨਸ਼ੀਲੇ ਪਦਾਰਥਾਂ (ਸ਼ਰਾਬ, ਤੰਬਾਕੂ, ਨਸ਼ੇ) ਦੇ ਸੇਵਨ ਵਿਰੁੱਧ ਸਖਤੀ।

ਯੋਗਾ : - ਸ਼ਰੀਰਕ ਲਚਕ ਵਿੱਚ ਵਾਧਾ, ਖੜ੍ਹਨ-ਬੈਠਣ ਦੇ ਢੰਗ ਅਤੇ ਸਾਹ ਪ੍ਰਕਿਰਿਆ ਵਿੱਚ ਸੁਧਾਰ ਕਰਦਾ ਹੈ।

- ਮਨ ਦੀ ਸ਼ਾਂਤੀ ਲਿਆਉਂਦਾ ਹੈ ਅਤੇ ਚਿੰਤਾਵਾਂ ਨੂੰ ਘਟਾਉਂਦਾ ਹੈ।
- ਸਿਹਤਮੰਦੀ ਨੂੰ ਉਤਸ਼ਾਹਿਤ ਕਰਦਾ ਹੈ ਪਰ ਸਵੈ-ਰੱਖਿਆਤਮਕ ਗੁਣਾਂ ਤੋਂ ਊਣਾਂ ਹੈ।
- ਕਿਸੇ ਵੀ ਨਸ਼ਾ-ਵਿਰੋਧੀ ਜਾਬਤੇ ਨੂੰ ਵਿਆਪਕ ਤੌਰ 'ਤੇ ਲਾਗੂ ਨਹੀਂ ਕਰਦਾ।

### 3. ਸੱਭਿਆਚਾਰਕ ਮਾਹੌਲ ਅਤੇ ਪਛਾਣ ਦੀ ਸੰਭਾਲ :

ਗੱਤਕਾ : ਭਾਸ਼ਾ (ਪੰਜਾਬੀ), ਲਿੱਪੀ (ਗੁਰਮੁਖੀ), ਬਾਣਾ, ਸੰਗੀਤ ਅਤੇ ਰਹਿਤ ਮਰਿਯਾਦਾ (ਧਾਰਮਿਕ ਅਨੁਸ਼ਾਸਨ) ਨੂੰ ਸੁਰੱਖਿਅਤ ਰੱਖਦਾ ਹੈ। ਇਸਦਾ ਕੌਮ ਦੇ ਅਸਥਾਨਾਂ ਤੇ ਸਾਂਝੇ ਅਖਾੜਿਆਂ ਵਿੱਚ ਅਭਿਆਸ ਕੀਤਾ ਜਾਂਦਾ ਹੈ ਅਤੇ ਸਿੱਧੇ ਤੌਰ 'ਤੇ ਸਿੱਖਾਂ ਦੀਆਂ

ਬੁਨਿਆਦੀ ਅਧਿਆਤਮਿਕ ਕਦਰਾਂ-ਕੀਮਤਾਂ ਨਾਲ ਜੁੜਿਆ ਹੋਇਆ ਹੈ।

ਯੋਗਾ : ਯੋਗਾ ਇਕੱਲੇ ਕੀਤਾ ਜਾਣ ਵਾਲਾ ਅਭਿਆਸ ਹੈ। ਇਹ ਭਾਰਤੀ ਪਰੰਪਰਾਵਾਂ ਦਾ ਮੂਲ ਹੋਣ ਦੇ ਬਾਵਜੂਦ ਵਪਾਰਕ ਬਣ ਗਿਆ ਹੈ ਅਤੇ ਆਪਣੇ ਸੱਭਿਆਚਾਰਕ ਅਧਾਰ ਤੋਂ ਵੱਡੇ ਪੱਧਰ 'ਤੇ ਨਿੱਖੜ ਗਿਆ ਹੈ ਖਾਸ ਕਰਕੇ ਵਿਦੇਸ਼ਾਂ ਵਿੱਚ।

### 4. ਨੈਤਿਕ ਨੀਂਹ ਅਤੇ ਅਨੁਸ਼ਾਸਨ ਦੇ ਸੰਦਰਭ

ਗੱਤਕਾ : ਨੈਤਿਕ ਨਿਯਮਾਂ ਵਿੱਚ ਸਿੱਖ ਸ਼ਸ਼ਤਰ ਕਲਾ ਗੱਤਕਾ ਮਾਨਵਤਾ ਦੀ ਨਿਸੁਆਰਥ ਸੇਵਾ, ਰੋਜ਼ਾਨਾ ਅਰਦਾਸ, ਸਖਤ ਅਨੁਸ਼ਾਸਨ, ਨਸ਼ਿਆਂ ਤੋਂ ਪਰਹੇਜ਼ ਅਤੇ ਅਨਿਆਂ ਵਿਰੁੱਧ ਖੜ੍ਹੇ ਹੋਣਾ ਸਿਖਾਉਂਦਾ ਹੈ। ਇਹ ਅਸਲ ਜੀਵਨ ਦੌਰਾਨ ਜ਼ਿੰਮੇਵਾਰੀ ਦੀ ਭਾਵਨਾ ਲਈ ਇਹ ਇੱਕ ਨੈਤਿਕ ਅਤੇ ਸੰਸਾਰਕ ਸਿਖਲਾਈ ਹੈ।

ਯੋਗਾ : ਵਰਣ-ਆਸ਼ਰਮ ਗ੍ਰੰਥ ਨੈਤਿਕ ਜੀਵਨ 'ਤੇ ਜ਼ੋਰ ਦਿੰਦੇ ਹਨ ਪਰ ਆਧੁਨਿਕ ਵਰਤਾਰਾ ਵਿਅਕਤੀਗਤ ਹੈ ਅਤੇ ਵਿਸ਼ਵ-ਵਿਆਪੀ ਲਾਗੂਕਰਨ ਦੀ ਘਾਟ ਹੈ। ਇਸ ਵਿੱਚ ਸੰਪਰਦਾਈ ਨੈਤਿਕਤਾ ਦਾ ਕੋਈ ਹਦਾਇਤਨਾਮਾ ਨਹੀਂ ਹੈ।

### 5. ਆਲਮੀ ਪ੍ਰਸੰਗਿਕਤਾ ਅਤੇ ਰਾਸ਼ਟਰੀ ਪ੍ਰਭਾਵ

ਗੱਤਕਾ - ਦੁਨੀਆ ਭਰ ਵਿੱਚ ਸਿੱਖਾਂ ਵੱਲੋਂ ਪ੍ਰਫੁੱਲਤ ਤੇ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

- ਧਾਰਮਿਕ ਨਗਰ ਕੀਰਤਨਾਂ, ਵਿਦਿਅਕ ਸੰਸਥਾਵਾਂ ਵਿੱਚ ਨਿਯਮਤ ਮੁਕਾਬਲੇ, ਫੌਜ ਤੇ ਪੁਲਿਸ ਦੀ ਸਿਖਲਾਈ ਸਮੇਤ ਨਸ਼ਾ ਵਿਰੋਧੀ ਪ੍ਰੋਗਰਾਮਾਂ ਦੌਰਾਨ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ।
- ਸੂਬਾਈ ਅਤੇ ਸੱਭਿਆਚਾਰਕ ਖੇਡਾਂ ਵਿੱਚ ਮਾਨਤਾ ਪ੍ਰਾਪਤ।
- ਵਿਜ਼ਨ 2030 ਹੇਠ ਏਸ਼ੀਅਨ ਤੇ ਓਲੰਪਿਕ ਖੇਡਾਂ ਸ਼ਾਮਲ ਕਰਨ ਦਾ ਉਦੇਸ਼ ਹੈ।

ਯੋਗਾ: - ਸੰਯੁਕਤ ਰਾਸ਼ਟਰ ਦੁਆਰਾ ਮਾਨਤਾ ਪ੍ਰਾਪਤ ਗਲੋਬਲ ਵੈਲਨੈੱਸ ਅਭਿਆਸ।

- ਫਿਟਨੈਸ ਅਤੇ ਥੈਰੇਪੀ ਕੇਂਦਰਾਂ ਵਿੱਚ ਵਰਤਿਆ ਜਾਂਦਾ ਹੈ ਪਰ ਸਵੈ-ਰੱਖਿਆ ਲਈ ਨਹੀਂ ਹੈ।
- ਕੌਮੀ ਪੱਧਰ ਦੀਆਂ ਤੇ ਏਸ਼ੀਅਨ ਖੇਡਾਂ ਵਿੱਚ ਸ਼ਾਮਲ ਹੋ ਚੁੱਕਾ ਹੈ।
- ਸਰੀਰਕ ਸੁਰੱਖਿਆ ਪ੍ਰਣਾਲੀ ਲਈ ਨਿਗਰਾਨੀ ਦੀ ਲੋੜ ਰਹਿੰਦੀ ਹੈ।

### ਸਿੱਟਾ:

ਗੱਤਕਾ ਸਮੇਂ ਦੀ ਲੋੜ - ਮੌਜੂਦਾ ਸੰਸਾਰ ਵਿੱਚ ਵਧ ਰਹੇ ਨਿੱਜੀ ਸੁਰੱਖਿਆ ਖਤਰਿਆਂ, ਨਸ਼ੀਲੇ ਪਦਾਰਥਾਂ ਦੀ ਅੰਧਾਧੁੰਦ ਵਰਤੋਂ, ਭਾਸ਼ਾ, ਪਹਿਰਾਵੇ ਤੇ ਕੌਮੀ ਪਛਾਣ ਨੂੰ ਲਗਾਏ ਜਾ ਰਹੇ ਖੋਰੇ ਅਤੇ ਮਾਨਸਿਕ ਸਿਹਤ ਸੰਕਟ ਲਈ ਗੱਤਕਾ ਇੱਕ ਵਿਆਪਕ ਤੇ ਢੁੱਕਵੇਂ ਤੋੜ ਵਜੋਂ ਉੱਭਰਿਆ ਹੈ। ਇਹ ਨਾ ਸਿਰਫ਼ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਪ੍ਰਦਾਨ ਕਰਦਾ ਹੈ ਬਲਕਿ ਧਾਰਮਿਕ ਤੇ ਨੈਤਿਕ ਮਾਰਗਦਰਸ਼ਨ, ਸੱਭਿਆਚਾਰਕ ਫਖ਼ਰ ਅਤੇ ਸਵੈ-ਰੱਖਿਆ ਸਮਰੱਥਾ ਵੀ ਪ੍ਰਦਾਨ ਕਰਦਾ ਹੈ ਜਦਕਿ ਯੋਗਾ ਦੇ ਆਧੁਨਿਕ ਰੂਪ ਵਿੱਚ ਇੰਨ੍ਹਾਂ ਗੁਣਾ ਦੀ ਬਹੁਤ ਹੱਦ ਤੱਕ ਘਾਟ ਹੈ। ਇਸ ਤੋਂ ਇਲਾਵਾ ਯੋਗਾ ਇਕੱਲੇ ਕੀਤਾ ਜਾਣ ਵਾਲਾ ਅਭਿਆਸ ਹੈ ਅਤੇ ਅਕਸਰ ਆਪਣੀਆਂ ਅਧਿਆਤਮਿਕ ਜੜ੍ਹਾਂ ਤੋਂ ਵਾਂਝਾ ਹੋ ਰਿਹਾ ਹੈ। ਗੱਤਕਾ ਭਾਈਚਾਰੇ 'ਤੇ ਕੇਂਦ੍ਰਿਤ, ਨੈਤਿਕ ਤੌਰ 'ਤੇ ਨਿਰਧਾਰਿਤ ਹੈ ਅਤੇ ਇੱਕ ਜੀਵਤ ਧਾਰਮਿਕ ਪਰੰਪਰਾ ਨਾਲ ਜੁੜਿਆ ਹੋਇਆ ਹੈ। ਇਹ ਸਿਰਫ਼ ਆਪਣੇ ਸਰੀਰ ਨੂੰ ਰਿਸ਼ਟਪੁਸ਼ਟ ਰੱਖਣ ਜਾਂ ਆਪਣੇ ਮਨ ਨੂੰ ਸ਼ਾਂਤ ਕਰਨਾ ਨਹੀਂ ਸਿਖਾਉਂਦਾ ਬਲਕਿ ਇਹ ਖੁਦ ਲਈ ਅਤੇ ਹੋਰਨਾਂ ਦੀ ਰਾਖੀ ਲਈ ਡੱਟ ਕੇ ਖੜ੍ਹੇ ਹੋਣ, ਇਮਾਨਦਾਰ ਜੀਵਨ ਬਸਰ ਕਰਨ, ਨੇਕੀ ਕਰਨ ਤੇ ਧਰਮ ਦੀ ਰੱਖਿਆ ਕਰਨ ਦੀ ਪ੍ਰੇਰਣਾ ਦਿੰਦਾ ਹੈ। ਇਹ ਧਾਰਨਾ ਬਿਲਕੁਲ ਸਹੀ ਹੈ ਕਿ ਜਿਹੜਾ ਸੱਟ ਨਹੀਂ ਖਾ ਸਕਦਾ ਉਹ ਸੱਟ ਵੀ ਨਹੀਂ ਮਾਰ ਸਕਦਾ।

ਜਿਵੇਂ ਸਰਕਾਰੀ ਪੱਧਰ ਉਤੇ ਕੌਮਾਂਤਰੀ ਯੋਗਾ ਦਿਵਸ ਮਨਾਇਆ ਜਾਂਦਾ ਹੈ ਅਤੇ ਯੋਗਾ ਨੂੰ ਵਿਸ਼ੇਸ਼ ਤੌਰ ਉਤੇ ਦੇਸ਼-ਵਿਦੇਸ਼ ਵਿੱਚ ਸਰਕਾਰ ਵੱਲੋਂ ਪ੍ਰਫੁੱਲਤ ਕੀਤਾ ਜਾ ਰਿਹਾ ਹੈ, ਉਸ ਨੂੰ ਦੇਖਦਿਆਂ ਭਾਰਤ ਦੀਆਂ ਪ੍ਰਾਚੀਨ ਗਿਆਨ ਪਰੰਪਰਾਵਾਂ ਦੇ ਬਿਰਤਾਂਤ ਵਿੱਚ ਸੰਤੁਲਨ ਲਿਆਉਣ ਪੂਰਕ ਕਲਾ ਵਜੋਂ ਲਈ ਅੰਤਰਰਾਸ਼ਟਰੀ ਗੱਤਕਾ ਦਿਵਸ ਨੂੰ ਵੀ ਮਾਨਤਾ ਦੇਣ ਦੀ ਲੋੜ ਵੱਧ ਰਹੀ ਹੈ। ਗੱਤਕਾ ਇੱਕ ਵਿਰਾਸਤੀ ਮਾਰਸ਼ਲ ਆਰਟ, ਧਾਰਮਿਕ ਤੇ ਸਮਾਜਿਕ ਨਿਆਂ ਦਾ ਸਾਧਨ ਅਤੇ ਰੱਖਿਆ ਦੇ ਅਧਿਆਤਮਿਕ ਵਿਗਿਆਨ ਦੇ ਰੂਪ ਵਿੱਚ ਇੱਕ ਵਿਸ਼ਵਵਿਆਪੀ ਪਲੇਟਫਾਰਮ ਦਾ ਹੱਕਦਾਰ ਹੈ।

ਦੇਸ਼ ਦੀ ਇਸ ਪੁਰਾਤਨ ਵਿਰਾਸਤੀ ਖੇਡ ਨੂੰ ਅਜਿਹੀ ਮਾਨਤਾ ਦੇਣ ਨਾਲ ਦੇਸ਼ ਦੇ ਉਨ੍ਹਾਂ ਸਤਿਕਾਰਤ ਅਤੇ ਮਹਾਨ ਗੁਰੂਆਂ, ਪੀਰਾਂ, ਸੰਤਾਂ-ਸਿੱਖਾਂ ਨੂੰ ਦੇਰ ਨਾਲ ਭੇਟ ਕੀਤੀ ਨਿਮਰਤਾ ਭਰਪੂਰ ਸੱਚੀ ਸ਼ਰਧਾਂਜਲੀ ਹੋਵੇਗੀ ਜਿਨ੍ਹਾਂ ਨੇ ਦੇਸ਼ ਵਾਸੀਆਂ ਲਈ ਸਵੈ- ਰੱਖਿਆ ਵਾਲੀ ਇਸ ਕਲਾ ਦੀ ਸਿਰਜਣਾ ਕੀਤੀ ਅਤੇ ਇਸ ਦੇ ਵਿਕਾਸ ਤੇ ਪ੍ਰਚਾਰ ਲਈ ਵਡਮੁੱਲਾ ਯੋਗਦਾਨ ਪਾਇਆ ਅਤੇ ਅਗਵਾਈ ਵੀ ਦਿੱਤੀ ਹੈ।

ਸਾਡਾ ਇਹ ਪੂਰਨ ਭਰੋਸਾ ਹੈ ਕਿ ਗੱਤਕੇ ਨੂੰ ਕੌਮਾਂਤਰੀ ਪੱਧਰ 'ਤੇ ਮਾਨਤਾਪ੍ਰਾਪਤ ਖੇਡ ਵਜੋਂ ਰੁਤਬਾ ਪ੍ਰਦਾਨ ਕਰਾਉਣ ਅਤੇ ਵਿਦਿਅਕ ਸਿਲੇਬਸ ਦਾ ਹਿੱਸਾ ਬਣਾਉਣ ਨਾਲ ਨਾ ਸਿਰਫ਼ ਫਿਰਕੂ ਇਕਸੁਰਤਾ ਅਤੇ ਵਿਸ਼ਵ-ਵਿਆਪੀ ਭਾਈਚਾਰਕ ਸਾਂਝਾਂ ਨੂੰ ਮਜ਼ਬੂਤੀ ਪ੍ਰਦਾਨ ਹੋਵੇਗੀ ਬਲਕਿ ਸਮੂਹ ਦੇਸ਼ਾਂ ਵਿੱਚ ਪਿਆਰ ਅਤੇ ਸ਼ਾਂਤੀ ਦਾ ਸੁਨੇਹਾ ਪ੍ਰਚਾਰਨ ਵਿਚ ਵੀ ਮਹੱਤਵਪੂਰਨ ਭੂਮਿਕਾ ਅਦਾ ਕੀਤੀ ਜਾ ਸਕੇਗੀ। ਇਸ ਤੋਂ ਇਲਾਵਾ ਗੱਤਕਾ ਖੇਡ ਨੂੰ ਅਜਿਹੀ ਮਾਨਤਾ ਦੇਣ ਅਤੇ ਪੁਰਾਤਨ ਵਿਰਾਸਤ ਦੀ ਸਾਂਭ-ਸੰਭਾਲ ਕਰਨ ਦੇ ਯਤਨਾ ਨਾਲ ਭਾਰਤ ਨੂੰ ਦੁਨੀਆਂ ਵਿਚ ਮੋਹਰੀ ਹੋ ਕੇ ਉਭਰਨ ਦਾ ਇਕ ਹੋਰ ਮੌਕਾ ਨਸੀਬ ਹੋਵੇਗਾ ਕਿ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਭਾਰਤ, ਅਨੇਕਤਾ ਦੇ ਵਿਸ਼ਾਲ ਤਾਣੇ-ਬਾਣੇ ਹੇਠ ਨਿਰਪੱਖਤਾ ਅਤੇ ਏਕਤਾ ਨੂੰ ਸਦੀਵੀਂ ਕਾਇਮ ਰੱਖਣ ਅਤੇ ਵਧਣ- ਫੁੱਲਣ ਦੇ ਮੌਕੇ ਪ੍ਰਦਾਨ ਕਰਨ ਦਾ ਵੱਡਾ ਮੁੱਦਈ ਹੈ।

# ਅੰਤਰਰਾਸ਼ਟਰੀ ਯੋਗਾ ਦਿਵਸ ਮੌਕੇ ਆਯੁਸ਼ਮਾਨ ਅਰੋਗਿਆ ਕੇਂਦਰ ਬਾਲਸੰਡਾ 'ਚ ਯੋਗਾ ਸੈਸ਼ਨ ਆਯੋਜਿਤ

## ਸੀ.ਐਚ.ਓ ਨਵਰੀਤ ਕੌਰ ਨੇ ਕਿਹਾ ਕਿ ਯੋਗਾ ਨਿਰੋਗ ਜੀਵਨ ਦੀ ਕੁੰਜੀ ਹੈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 22 ਜੂਨ
INTERNATIONAL PAPER, 9463601616
hardipchumber57@gmail.com

ਰੂਪਨਗਰ, 21 ਜੂਨ: ਅੰਤਰਰਾਸ਼ਟਰੀ ਯੋਗਾ ਦਿਵਸ ਦੇ ਮੌਕੇ ਤੇ ਆਯੁਸ਼ਮਾਨ ਅਰੋਗਿਆ ਕੇਂਦਰ ਬਾਲਸੰਡਾ ਵੱਲੋਂ ਪਿੰਡ ਵਾਸੀਆਂ ਲਈ ਵਿਸ਼ੇਸ਼ ਯੋਗਾ ਸੈਸ਼ਨ ਦਾ ਆਯੋਜਨ ਕੀਤਾ ਗਿਆ। ਇਸ ਯੋਗਾ ਸ਼ਿਵਿਰ ਦੀ ਅਗਵਾਈ ਕਮਿਊਨਿਟੀ ਹੈਲਥ ਅਫਸਰ ਨਵਰੀਤ ਕੌਰ ਨੇ ਕੀਤੀ,





ਜਿਸ ਵਿੱਚ ਏ.ਐਨ.ਐਮ ਅਨੁ ਕੁਮਾਰੀ ਅਤੇ ਹੈਲਥ ਵਰਕਰ ਸਚਿਨ ਸਹਣੀ ਨੇ ਵੀ ਭਾਗ ਲਿਆ।

ਇਸ ਯੋਗ ਦਿਵਸ ਦੌਰਾਨ ਪਿੰਡ ਵਾਸੀਆਂ ਨੂੰ ਅਨੇਕਾਂ ਯੋਗ ਆਸਨਾਂ ਅਤੇ ਉਨ੍ਹਾਂ ਦੇ ਲਾਭਾਂ ਬਾਰੇ ਜਾਣੂ ਕਰਵਾਇਆ ਗਿਆ। ਨਾਗਰਿਕਾਂ ਨੇ ਯੋਗ ਵਿਚ ਰੁਚੀ ਲੈ ਕੇ ਵੱਖ-ਵੱਖ ਆਸਨਾਂ ਦੀ ਅਭਿਆਸ ਕੀਤਾ ਅਤੇ ਮਨ-ਤਨ ਨੂੰ ਤੰਦਰੁਸਤ ਬਣਾਉਣ ਦੀ ਮਹੱਤਤਾ ਨੂੰ ਸਮਝਿਆ।

ਸਿਨੀਅਰ ਮੈਡੀਕਲ ਅਫਸਰ ਡਾ. ਆਨੰਦ ਘਈ ਨੇ ਇਸ ਬਾਰੇ ਕਿਹਾ ਕਿ ਯੋਗਾ ਸਿਰਫ਼ ਭੌਤਿਕ ਕਸਰਤ ਨਹੀਂ, ਸਗੋਂ ਇਹ ਜੀਵਨ ਨੂੰ ਨਵੀਂ ਦਿਸ਼ਾ ਦੇਣ ਵਾਲੀ ਵਿਗਿਆਨਿਕ ਪ੍ਰਣਾਲੀ ਹੈ। ਇਹ ਸਾਡੇ ਮਨ, ਸਰੀਰ ਅਤੇ ਆਤਮਾ ਵਿਚ ਸੰਤੁਲਨ ਬਣਾਉਂਦਾ ਹੈ। ਅਸੀਂ ਸਾਰੇ ਆਯੁਸ਼ਮਾਨ ਕੇਂਦਰਾਂ ਰਾਹੀਂ ਲੋਕਾਂ ਨੂੰ ਨਿਰੋਗ ਜੀਵਨ ਵੱਲ ਪ੍ਰੇਰਤ ਕਰ ਰਹੇ ਹਾਂ।

ਇਸ ਯੋਗਾ ਦਿਵਸ ਸਮਾਗਮ ਨਾਲ ਪਿੰਡ ਵਾਸੀਆਂ ਵਿਚ ਯੋਗਾ ਪ੍ਰਤੀ ਨਵੀਂ ਜਾਗਰੂਕਤਾ ਆਈ ਹੈ ਅਤੇ ਉਮੀਦ ਹੈ ਕਿ ਲੋਕ ਨਿੱਤਨੀਂ ਯੋਗਾ ਨੂੰ ਆਪਣੇ ਜੀਵਨ ਦਾ ਹਿੱਸਾ ਬਣਾਉਣਗੇ।

# ਅਦਾਲਤ ਨੇ ਪੰਜਾਬੀ ਯੂਨੀਵਰਸਿਟੀ ਵਿਖੇ ਧਰਨਾ ਨਾ ਲਾਉਣ ਦੇ ਹੁਕਮ ਕੀਤੇ ਜਾਰੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 22 ਜੂਨ
INTERNATIONAL PAPER, 9463601616
hardipchumber57@gmail.com

ਪਟਿਆਲਾ, 22 ਜੂਨ 2025 - ਪੰਜਾਬੀ ਯੂਨੀਵਰਸਿਟੀ ਵਿਖੇ ਪਿਛਲੇ ਕੁੱਝ ਦਿਨਾਂ ਤੋਂ ਧਰਨੇ ਉਤੇ ਬੈਠੇ ਕੰਟਰੈਕਟ ਅਧਿਆਪਕਾਂ ਸਬੰਧੀ ਯੂਨੀਵਰਸਿਟੀ ਅਥਾਰਟੀਜ਼ ਨੇ ਦੱਸਿਆ ਕਿ ਮਾਣਯੋਗ ਅਦਾਲਤ ਵੱਲੋਂ 21 ਜੂਨ 2025 ਨੂੰ ਜਾਰੀ ਹੋਏ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਯੂਨੀਵਰਸਿਟੀ ਦੀ ਚਾਰਦੀਵਾਰੀ ਤੋਂ 300 ਮੀਟਰ ਬਾਹਰ ਤੱਕ ਕਿਸੇ ਵੀ ਧਰਨੇ, ਇਕੱਠ, ਮੀਟਿੰਗ, ਇਕੱਤਰਤਾ, ਪ੍ਰਦਰਸ਼ਨ ਘਿਰਾਓ ਆਦਿ ਗਤੀਵਿਧੀ ਦੀ ਮਨਾਹੀ ਹੈ। ਜੋ ਅਦਾਲਤੀ ਹੁਕਮਾਂ ਅਨੁਸਾਰ ਸਪਸ਼ਟ ਹੈ ਕਿ ਯੂਨੀਵਰਸਿਟੀ ਕੈਂਪਸ ਦੇ ਅੰਦਰ ਧਰਨਾ ਨਹੀਂ ਲਗਾਇਆ ਜਾ ਸਕਦਾ। ਕਰਮਚਾਰੀ ਕਿਸੇ ਵੀ ਰੂਪ ਵਿੱਚ ਯੂਨੀਵਰਸਿਟੀ ਦੇ ਕੰਮ ਕਾਜ ਨੂੰ ਪ੍ਰਭਾਵਿਤ ਨਹੀਂ ਕਰ ਸਕਦੇ। ਅਥਾਰਟੀਜ਼ ਨੇ ਦੱਸਿਆ ਕਿ ਅਦਾਲਤ ਦੇ ਇਨ੍ਹਾਂ ਹੁਕਮਾਂ ਅਨੁਸਾਰ ਇਨ੍ਹਾਂ ਅਧਿਆਪਕਾਂ ਨੂੰ ਆਪਣਾ ਇਹ ਧਰਨਾ ਤੁਰੰਤ ਖ਼ਤਮ ਕਰ ਦੇਣਾ ਚਾਹੀਦਾ ਹੈ। ਅਜਿਹਾ ਨਾ ਕਰਨਾ ਅਦਾਲਤੀ ਹੁਕਮਾਂ ਦੀ ਉਲੰਘਣਾ/ਤੌਹੀਨ ਮੰਨਿਆ ਜਾਵੇਗਾ ਜਿਸ ਦਾ ਅਦਾਲਤ ਵੱਲੋਂ ਗੰਭੀਰਤਾ ਨਾਲ ਨੋਟਿਸ ਲਿਆ ਜਾਂਦਾ ਹੈ।

# ਜਮਹੂਰੀ ਅਧਿਕਾਰ ਸਭਾ ਵੱਲੋਂ ਐਮਰਜੈਂਸੀ ਦੀ 50 ਸਾਲਾਂ ਵਰ੍ਹੇਗੰਢ ਨੂੰ ਸਮਰਪਿਤ ਕਨਵੈਨਸ਼ਨ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 22 ਜੂਨ
INTERNATIONAL PAPER, 94636 01616
hardipchumber57@gmail.com

ਸੰਗਰੂਰ,22 ਜੂਨ (ਜਗਸੀਰ ਲੌਂਗੋਵਾਲ ) - ਜਮਹੂਰੀ ਅਧਿਕਾਰ ਸਭਾ ਪੰਜਾਬ ਇਕਾਈ ਸੰਗਰੂਰ ਵੱਲੋਂ ਸਥਾਨਕ ਅਗਰਵਾਲ ਧਰਮਸ਼ਾਲਾ ਵਿਖੇ ਦੇਸ਼ ਵਿੱਚ ਲੱਗੀ ਐਮਰਜੈਂਸੀ ਦੀ 50 ਸਾਲਾ ਵਰ੍ਹੇਗੰਢ ਨੂੰ ਸਮਰਪਿਤ ਜਬਰ ਵਿਰੋਧੀ ਕਨਵੈਨਸ਼ਨ ਦਾ ਆਯੋਜਨ ਕੀਤਾ ਗਿਆ।ਪ੍ਰਧਾਨਗੀ ਮੰਡਲ ਵਿੱਚ ਮੁੱਖ ਬੁਲਾਰਿਆਂ ਤੋਂ ਇਲਾਵਾ ਮਨਧੀਰ ਸਿੰਘ ਰਾਜੋ ਮਾਜਰਾ, ਜਿਲ੍ਹਾ ਪ੍ਰਧਾਨ ਜਗਜੀਤ ਭੁਟਾਲ, ਬਸੇਸਰ ਰਾਮ ਸ਼ਾਮਿਲ ਹੋਏ।ਕਨਵੈਨਸ਼ਨ ਦੇ ਸ਼ੁਰੂਆਤੀ ਸੈਸਨ ਵਿੱਚ ਬਸ਼ੇਸ਼ਰ ਰਾਮ ਵੱਲੋਂ ਸਾਰੇ ਸ਼ਾਮਿਲ ਲੋਕ ਪੱਖੀ, ਮਨੁੱਖੀ ਅਧਿਕਾਰਾਂ ਅਤੇ , ਵੱਖ ਵੱਖ ਜਥੇਬੰਦੀਆਂ ਦੇ ਕਾਰਕੁਨਾਂ ਨੂੰ ਜੀ ਆਇਆਂ ਕਿਹਾ ਗਿਆ ਅਤੇ ਮੌਜੂਦਾ ਹਾਲਾਤਾਂ ਵਾਰੇ ਗੱਲਬਾਤ ਕੀਤੀ।ਕਨਵੈਨਸ਼ਨ ਦੇ ਮੁੱਖ ਬੁਲਾਰੇ ਦੇ ਤੌਰ ਤੇ ਪਹੁੰਚੀ ਦਿੱਲੀ ਯੂਨੀਵਰਸਿਟੀ ਦੀ ਪ੍ਰੋਫੈਸਰ ਨੰਦਿਤਾ ਨਰੈਣ ਨੇ ਕੇਂਦਰੀ ਹਾਕਮਾਂ ਵੱਲੋਂ ਦੇਸ਼ ਦੇ ਜਲ, ਜੰਗਲ, ਜ਼ਮੀਨ ਅਤੇ ਜੰਗਲਾਂ ਵਿੱਚ ਪਏ ਬੇਸਕੀਮਤੀ ਖਣਿਜ ਪਦਾਰਥਾਂ ਨੂੰ ਵਿਕਾਸ ਦੇ ਨਾਂ ਤੇ ਕਾਰਪੋਰੇਟ ਘਰਾਣਿਆਂ ਅਤੇ ਸਾਮਰਾਜੀ ਤਾਕਤਾਂ ਨੂੰ ਸੌਂਪਣ ਲਈ ਦਿਖਾਈ ਜਾ ਰਹੀ ਤੇਜ਼ੀ ਤੇ ਖੁੱਲ ਕੇ ਚਰਚਾ ਕੀਤੀ, ਉਹਨਾਂ ਮੁਲਕ ਵਿੱਚ ਲੋਕਾਂ ਨੂੰ ਧਰਮਾਂ,ਜਾਤਾਂ,ਖਿਤਿਆਂ ਵਿੱਚ ਵੰਡ ਕੇ ਹਿੰਦੂਤਵ ਰੰਗ ਵਿੱਚ ਰੰਗਣ



ਅਤੇ ਘੱਟ ਗਿਣਤੀਆਂ, ਦਲਿਤਾਂ, ਆਦਿ ਵਾਸੀਆਂ ਤੇ ਕੀਤੇ ਜਾ ਰਹੇ ਅੰਨ੍ਹੇ ਤਸ਼ੱਦਦ, ਸਿਖਿਆ ਦੇ ਭਗਵੇਂਕਰਨ ਅਤੇ ਇਤਿਹਾਸ ਨੂੰ ਆਪਣੇ ਮੁਤਾਬਕ ਬਦਲਣ ਤੇ ਗੰਭੀਰਤਾ ਅਤੇ ਬਰੀਕੀ ਨਾਲ ਚਾਨਣਾ ਪਾਇਆ।ਦੂਸਰੇ ਬੁਲਾਰੇ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਵਿੱਤ ਸਕੱਤਰ ਤਰਸੇਮ ਲਾਲ ਨੇ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਤੇ ਚਰਚਾ ਕਰਦਿਆਂ ਪੰਜਾਬ ਦੀ ਆਮ ਆਦਮੀ ਵੱਲੋਂ ਸੂਬੇ ਵਿੱਚ ਬਲਡੋਜ਼ਰ ਕਲਚਰ, ਝੂਠੇ ਪੁਲਿਸ ਮੁਕਾਬਲੇ, ਪੁਲਿਸ ਹਿਰਾਸਤ ਮੌਤਾਂ,ਲੋਕ ਸੰਘਰਸ਼ਾਂ ਨੂੰ ਦਬਾਉਣ ਲਈ ਕੀਤੇ ਜਾ ਰਹੇ ਅਣਮਨੁੱਖੀ ਜਬਰ ਕਰਕੇ ਲੋਕਤੰਤਰ ਦੇ ਕੀਤੇ ਜਾ ਰਹੇ ਘਾਣ ਅਤੇ ਸੂਬੇ ਨੂੰ ਪੁਲਿਸ ਰਾਜ ਵਿੱਚ ਤਬਦੀਲ ਕਰਨ ਵਾਰੇ ਸੰਵਾਦ ਰਚਾਉਂਦਿਆਂ ਇਸ ਦਾ ਵਿਰੋਧ ਕਰਨ ਦਾ ਹੋਕਾ ਦਿਤਾ।ਇਸ ਮੌਕੇ ਅਜਮੇਰ ਅਕਲੀਆ, ਕੁਲਵਿੰਦਰ ਬੰਟੀ ਕੁਲਵੰਤ ਸਿੰਘ, ਹਰਭਗਵਾਨ ਗੁਰਨੇ, ਗੁਲਜਾਰ ਸੌਂਕੀ, ਪ੍ਰਿੰਸੀਪਲ ਇਕਬਾਲ ਸਿੰਘ, ਮੇਜਰ ਉੱਪਲੀ ਵੱਲੋਂ ਲੋਕ ਪੱਖੀ ਅਤੇ ਇਨਕਲਾਬੀ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ।ਅੰਤ ਤੇ ਜਿਲ੍ਹਾ ਪ੍ਰਧਾਨ ਜਗਜੀਤ ਭੁਟਾਲ ਨੇ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

ਮਨਧੀਰ ਸਿੰਘ ਰਾਜੋਮਾਜਰਾ ਵੱਲੋ ਇਸਰਾਇਲ ਵੱਲੋਂ ਅਮਰੀਕਾ ਦੀ ਸ਼ਹਿ ਤੇ ਫਲਸਤੀਨ ਦੀ ਅਵਾਮ, ਬੱਚਿਆਂ, ਔਰਤਾਂ ਤੇ ਜ਼ੁਲਮ ਬੰਦ ਕਰਨ,ਇਰਾਨ ਤੇ ਥੋਪੀ ਅਮਰੀਕਾ ਦੀ ਸਹਿ ਤੇ ਜੰਗ ਬੰਦ ਕਰਨ, ਘੱਟ ਗਿਣਤੀਆਂ ਵਿਸ਼ੇਸ਼ ਤੌਰ ਤੇ ਮੁਸਲਮਾਨਾਂ, ਆਦਿਵਾਸੀਆਂ ਤੇ ਤਸੱਸਦ ਅਤੇ ਹਮਲੇ ਬੰਦ ਕਰਨ, ਆਸਾਮ ਅੰਦਰ ਬੰਗਲਾਦੇਸ਼ ਘੁਸਪੈਠ ਦਾ ਬਹਾਨਾ ਬਣਾ ਕੇ ਜਲਾਵਤਨੀ ਬੰਦ ਕਰਨ, ਸ਼ਹਿਰੀਕਰਨ ਦੇ ਨਾਂ ਤੇ ਕਿਸਾਨਾਂ ਦੀਆਂ ਜਮੀਨਾਂ ਤੇ ਕਬਜ਼ੇ ਕਰਨੇ ਬੰਦ ਕਰਨ,ਕਸ਼ਮੀਰ ਨੂੰ ਮੁਕੰਮਲ ਰਾਜ ਦਾ ਦਰਜਾ ਬਹਾਲ ਕਰਨ, ਜੰਗਲੀ ਪਹਾੜੀ ਖੇਤਰਾਂ ਵਿੱਚੋਂ ਖਣਿਜਾਂ ਨੂੰ ਕਾਰਪੋਰੇਟ ਸੈਕਟਰ ਨੂੰ ਸੌਂਪਣ ਨੂੰ ਬੰਦ ਕਰਨ,ਆਦਿਵਾਸੀਆਂ ਦਾ ਉਜਾੜਾ ਬੰਦ ਕਰਨ, ਜਮੀਨ ਪ੍ਰਾਪਤ ਸੰਘਰਸ਼ ਕਮੇਟੀ ਦੇ ਗ੍ਰਿਫਤਾਰ ਆਗੂਆਂ ਨੂੰ ਤੁਰੰਤ ਰਿਹਾ ਕਰਨ ਦੇ ਮਤੇ ਪੇਸ਼ ਕੀਤੇ ਗਏ ਜਿਨ੍ਹਾਂ ਨੂੰ ਹਾਊਸ ਵੱਲੋਂ ਸਰਬਸੰਮਤੀ ਨਾਲ ਪਾਸ ਕੀਤਾ ਗਿਆ।ਮੰਚ ਸੰਚਾਲਨ ਕੁਲਦੀਪ ਸਿੰਘ, ਸਕੱਤਰ ਵੱਲੋਂ ਬਾਖੂਬੀ ਕੀਤਾ ਗਿਆ।ਇਸ ਮੌਕੇ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ ) ਦੇ ਰੋਹੀ ਸਿੰਘ ਮੰਗਵਾਲ,ਕਿਰਤੀ ਕਿਸਾਨ ਯੂਨੀਅਨ ਦੇ ਭੁਪਿੰਦਰ ਲੌਂਗੋਵਾਲ,ਕੇਂਦਰੀ ਲਿਖਾਰੀ ਸਭਾ ਦੇ ਪਵਨ ਹਰਚੰਦ ਪੁਰੀ,ਭਾਰਤੀ ਕਿਸਾਨ ਯੂਨੀਅਨ (ਆਜ਼ਾਦ ) ਦੇ ਜਸਵੀਰ ਮੈਦੇਵਾਸ,ਦੇਸ਼ ਭਗਤ ਯਾਦਗਾਰ ਦੇ ਬਲਬੀਰ ਲੌਂ ਗੋ ਵਾ ਲ , ਤ ਰ ਕ ਸ਼ੀ ਲ ਸੁਸਾਇਟੀ ਦੇ ਸੀਤਾ ਰਾਮ,ਲਾਭ ਸਿੰਘ ਛਾਜਲਾ,ਸੁਰਿੰਦਰ ਉੱਪਲੀ,ਵਿਸਵਕਾਂਤ ਸੁਨਾਮ,ਲੋਕ ਆਗੂ ਭਜਨ ਰੰਗੀਆਂ,ਜਗਦੇਵ ਸੰਗਰੂਰ,ਲੋਕ ਮੋਰਚਾ ਦੇ ਦਰਸ਼ਨ ਸਿੰਘ,ਡੈਮੋਕ੍ਰੇਟਿਕ ਟੀਚਰਜ ਫ਼ਰੰਟ(ਦਿਗਵਿਜੇ ਸੰਬੰਧਤ ) ਦੇ ਹਰਭਗਵਾਨ ਗੁਰਨੇ,ਜਸਵੀਰ ਨਮੋਲ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਦੇ ਸੁੱਖਵਿੰਦਰ ਗਿਰ,ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਹਮੀਰ ਬੇਨੜਾ,ਪੀ ਐਸ ਯੂ ਦੇ ਸੁਖਦੀਪ ਹੱਥਨ, ਕਮਲਜੀਤ ਕੌਰ,ਅਦਾਰਾ ਬਿਗਲ ਦੇ ਚਰਨਜੀਤ ਪਟਵਾਰੀ,ਜਮੀਨ ਪ੍ਰਾਪਤ ਸੰਘਰਸ਼ ਕਮੇਟੀ ਦੇ ਸੁੱਖਵਿੰਦਰ ਸਿੰਘ ਬੈਟੜਿਆਣਾ,ਜਮਹੂਰੀ ਕਿਸਾਨ ਸਭਾ ਦੇ ਗੁਰਵਿੰਦਰ ਮੰਗਵਾਲ,ਕਾਮਰੇਡ ਗੁਲਜਾਰਾ ਭੱਠਲ ਯਾਦਗਾਰ ਦੇ ਮੋਹਿੰਦਰ ਭੱਠਲ,ਏ ਐਨ ਐਮ ਵਰਕਰ ਯੂਨੀਅਨ ਦੀ ਸੁਸ਼ਮਾ ਅਰੋੜਾ,ਆਈ ਡੀ ਪੀ ਦੇ ਫਲਜੀਤ ਸਿੰਘ, ਲੋਕ ਚੇਤਨਾ ਮੰਚ ਲਹਿਰਾ ਗਾਗਾ ਦੇ ਲਛਮਣ ਅਲੀਸ਼ੇਰ, ਜਗਦੀਸ਼ ਪਪੜਾ, ਲੋਕ ਆਗੂ ਕਾਮਰੇਡ ਬਚਿਤਰ ਦੁੱਗਾਂ, ਅਮਰੀਕ ਖੋਖਰ, ਕਾਮਰੇਡ ਭੂਰਾ ਸਿੰਘ ਦੁੱਗਾਂ, ਗੁਰਮੇਲ ਲੌਂਗੋਵਾਲ, ਹਰਪ੍ਰੀਤ ਕੌਰ, ਪ੍ਰਿੰਸੀਪਲ ਇਕਬਾਲ ਕੌਰ, ਕਾਮਰੇਡ ਜੀਵਨ ਸਿੰਘ ਆਦਿ ਆਗੂਆਂ ਤੋਂ ਇਲਾਵਾ ਸੈਂਕੜੇ ਜਮਹੂਰੀ ਅਤੇ ਲੋਕ ਪੱਖੀ ਕਾਰਕੁਨ ਹਾਜ਼ਰ ਸਨ।

# ਭਾਰਤੀ ਯੋਗ ਸੰਸਥਾ ਨੇ ਜੈਨ ਮਾਡਲ ਸਕੂਲ ਵਿੱਚ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 22 ਜੂਨ
INTERNATIONAL PAPER, 94636 01616
hardipchumber57@gmail.com

ਫਗਵਾੜਾ 21 ਜੂਨ (ਸ਼ਿਵ ਕੌੜਾ) ਭਾਰਤੀ ਯੋਗ ਸੰਸਥਾ ਨੇ ਸੰਸਥਾ ਦੇ ਮੁਖੀ ਅਨਿਲ ਕੋਚਰ ਅਤੇ ਉਨ੍ਹਾਂ ਦੀ ਟੀਮ ਦੀ ਦੇਖ-ਰੇਖ ਹੇਠ ਸਥਾਨਕ ਜੈਨ ਮਾਡਲ ਹਾਈ ਸਕੂਲ ਵਿੱਚ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ। ਸ਼ਹਿਰ ਦੇ ਮੇਅਰ ਰਾਮਪਾਲ ਉੱਪਲ ਨੇ ਵਿਸ਼ੇਸ਼ ਮਹਿਮਾਨ ਵਜੋਂ ਆਯੋਜਿਤ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ਅਤੇ ਯੋਗ ਪ੍ਰਤੀ ਆਪਣੀ ਵਚਨਬੱਧਤਾ ਪ੍ਰਗਟ ਕੀਤੀ। ਇਸ ਦੇ ਨਾਲ ਹੀ ਸੰਸਥਾ ਦੇ



ਮੁਖੀ ਸ੍ਰੀ ਅਨਿਲ ਕੋਚਰ ਨੇ ਅੰਤਰਰਾਸ਼ਟਰੀ ਯੋਗ ਦਿਵਸ ਦੀ ਮਹੱਤਤਾ 'ਤੇ ਚਾਨਣਾ ਪਾਇਆ ਅਤੇ ਰੋਜ਼ਾਨਾ ਜੀਵਨ ਵਿੱਚ ਯੋਗ ਨੂੰ ਅਪਣਾਉਣ ਦਾ ਸੰਦੇਸ਼ ਦਿੱਤਾ। ਇਸ ਵਿਸ਼ੇਸ਼ ਮੌਕੇ 'ਤੇ ਲਗਭਗ ਚਾਰ ਸੌ ਸਾਧਕਾਂ ਨੇ ਯੋਗ ਕੈਂਪ ਵਿੱਚ ਹਿੱਸਾ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਦੀਵੇ ਜਗਾਉਣ ਅਤੇ ਗਾਇਤਰੀ ਮੰਤਰ ਨਾਲ ਹੋਈ। ਇਸਦਾ ਸੰਚਾਲਨ ਸਵਿਤਾ ਪਰਾਸ਼ਰ ਅਤੇ ਅਰਚਨਾ ਬੱਤਰਾ ਨੇ ਕੀਤਾ। ਯੋਗ ਸੈਸ਼ਨ ਦੀ ਅਗਵਾਈ ਕਰਨ ਵਾਲੇ ਇੰਸਟ੍ਰਕਟਰ ਦਿਨੇਸ਼ ਸਿੰਗਲਾ, ਪਰਮਿੰਦਰ ਸਿੰਘ, ਦਵਿੰਦਰ ਸਿੰਘ, ਸੰਦੀਪ ਮਲਹੋਤਰਾ, ਸੰਦੀਪ ਗਰਗ ਅਤੇ ਧੀਰਜ ਵੈਦਿਆ ਨੇ ਯੋਗ ਸਾਧਕਾਂ ਨੂੰ ਸਮੂਹਿਕ ਤੌਰ 'ਤੇ ਵੱਖ-ਵੱਖ ਯੋਗ ਆਸਣ ਅਤੇ ਪ੍ਰਾਣਾਯਾਮ ਦਾ ਅਭਿਆਸ ਕਰਵਾਇਆ। ਪ੍ਰੋਗਰਾਮ ਦੀ ਮੇਜ਼ਬਾਨੀ ਸ਼੍ਰੀਮਤੀ ਨੀਲਮ ਚੋਪੜਾ ਨੇ ਕੀਤੀ। ਉਨ੍ਹਾਂ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਸਹਿਯੋਗ ਦੇਣ ਲਈ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਸਮਾਗਮ ਭਾਰਤੀ ਸੱਭਿਆਚਾਰ, ਸਿਹਤ ਅਤੇ ਮਾਨਸਿਕ ਸੰਤੁਲਨ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਇਸ ਮੌਕੇ 'ਤੇ ਮੌਜੂਦ ਹੋਰ ਪਤਵੰਤਿਆਂ ਵਿੱਚ ਰੋਟੇਰੀਅਨ ਸਤਪਾਲ ਸੇਠੀ, ਪੰਕਜ ਗੌਤਮ, ਨਿਖਿਲ ਗੁਪਤਾ, ਰਮੇਸ਼ ਸਚਦੇਵਾ, ਸੁਰਿੰਦਰ ਚੋਪੜਾ, ਸੁਰਿੰਦਰ ਚਾਵਲਾ, ਰਾਕੇਸ਼ ਅਗਰਵਾਲ ਅਤੇ ਰਾਕੇਸ਼ ਬਾਂਸਲ ਸ਼ਾਮਲ ਸਨ।

# ਘਰ ਘਰ ਰੁਜਗਾਰ"- ਮਿਲਿਆ ਰੁਜਗਾਰ ਵੀ ਖੋਹਣ ਲੱਗੀ ਸਰਕਾਰ : ਅਮਨਦੀਪ, ਪ੍ਰਿੰਸ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 22 ਜੂਨ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 22 ਜੂਨ (ਤਰਸੇਮ ਦੀਵਾਨਾ ) ਪੰਜਾਬ ਸਰਕਾਰ ਜੋ ਘਰ ਘਰ ਰੁਜ਼ਗਾਰ ਦੇਣ ਦੀ ਦਾਅਵੇ ਕਰਦੀ ਨਹੀਂ ਥੱਕਦੀ ਅਤੇ ਰੋਜਾਨਾ ਅਖਬਾਰਾਂ ਵਿੱਚ ਲੱਖਾਂ ਰੁਪਏ ਦੇ ਇਸ਼ਤਿਹਾਰ ਦੇ ਕੇ ਇਹ ਦਾਅਵੇ ਕਰਦੀ ਹੈ ਕਿ ਅਸੀਂ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਹੈ ਅੱਜ ਇਸੇ ਸਰਕਾਰ ਨੇ ਸਮੱਗਰਾ ਸਿੱਖਿਆ ਅਧੀਨ ਕੰਟਰੈਕਟ ਤੇ ਰੱਖੇ ਮੁੱਖ ਅਧਿਆਪਕਾਂ ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਹੈ। ਸੱਤਾ ਵਿੱਚ ਆਉਣ ਤੋਂ ਪਹਿਲਾਂ ਸਰਕਾਰ ਵਾਅਦੇ ਕਰਦੀ ਸੀ ਕਿ ਅਸੀਂ ਸਾਰੇ ਅਧਿਆਪਕ ਰੈਗੂਲਰ ਕਰਾਂਗੇ। ਵਰਨਣ ਯੋਗ ਹੈ ਕਿ ਸਰਕਾਰ ਨੇ 2013 ਵਿੱਚ 264 ਮੁੱਖ ਅਧਿਆਪਕਾਂ ਦੀ ਭਰਤੀ ਕਰਨ ਦਾ ਇਸ਼ਤਿਹਾਰ ਦਿੱਤਾ ਸੀ।ਜਿਸ ਵਿੱਚ ਭਰਤੀ ਕਰਨ ਸਮੇਂ ਵਿਭਾਗ ਤੋਂ ਤਰੁੱਟੀਆਂ ਰਹੀਆਂ।ਵਿਭਾਗ ਨੇ ਭਰਤੀ ਸਬੰਧੀ ਇਸ਼ਤਿਹਾਰ ਦੀਆਂ ਸ਼ਰਤਾਂ ਨੂੰ ਦਰ ਕਿਨਾਰ ਕਰਕੇ ਇਹ ਭਰਤੀ ਕੀਤੀ। 264 ਮੁੱਖ ਅਧਿਆਪਕ ਦੀ ਭਰਤੀ ਵਿੱਚੋ ਸਿਰਫ 205 ਮੁੱਖ ਅਧਿਆਪਕ ਰੱਖੇ ਗਏ ਅਤੇ ਉਸ ਵਿੱਚੋਂ ਵੀ 162 ਉਮੀਦਵਾਰਾਂ ਦੇ ਸਰਟੀਫਿਕੇਟ ਨਿਰਧਾਰਿਤ ਤਰੀਕ ਤੋਂ ਬਾਅਦ ਵਿੱਚ ਬਣੇ ਹੋਏ ਪਾਏ ਗਏ ਜੋ ਕਿ ਹਾਈ ਕੋਰਟ ਦੇ ਸਿੰਗਲ ਬੈਂਚ ਦੇ



ਨਿਰਦੇਸ਼ਾਂ ਅਨੁਸਾਰ ਵਿਭਾਗ ਨੇ ਆਪ 162 ਉਮੀਦਵਾਰ ਛਾਂਟ ਕੇ ਹਾਈਕੋਰਟ ਨੂੰ ਦੱਸਿਆ ਕਿ ਇਹ 162 ਉਮੀਦਵਾਰ ਸਾਡੇ ਤੋਂ ਗਲਤ ਰੱਖੇ ਗਏ ਹਨ। 29 ਉਮੀਦਵਾਰਾਂ ਨੇ ਇਸ ਭਰਤੀ ਦੇ ਵਿਰੁੱਧ ਹਾਈਕੋਰਟ ਵਿੱਚ ਕੇਸ ਲਗਾਇਆ ਸੀ ਜੋ ਭਰਤੀ ਦੀਆਂ ਸਾਰੀਆਂ ਸ਼ਰਤਾਂ ਨਿਰਧਾਰਿਤ ਤਰੀਕ ਤੱਕ ਪੂਰੀਆਂ ਕਰਦੇ ਸਨ ਅਤੇ ਹਾਈ ਕੋਰਟ ਦੇ ਸਿੰਗਲ ਬੈਂਚ ਨੇ ਇਹਨਾਂ 29 ਮੁੱਖ ਅਧਿਆਪਕਾਂ ਦੇ ਹੱਕ ਵਿੱਚ ਫੈਸਲਾ ਸੁਣਾਉਂਦਿਆ 2020 ਵਿੱਚ ਇਹਨਾਂ ਨੂੰ ਭਰਤੀ ਕਰਨ ਦਾ ਹੁਕਮ ਦਿੱਤਾ ਸੀ ਕਿਉਂਕਿ ਇਹਨਾਂ 29 ਮੁੱਖ ਅਧਿਆਪਕਾਂ ਦੇ ਤਜਰਬਾ ਸਰਟੀਫਿਕੇਟਾਂ ਉੱਤੇ ਡੀ. ਈ. ਓ. ਦੇ ਹਸਤਾਖਰ ਅਪਲਾਈ ਕਰਨ ਦੀ ਆਖਰੀ ਤਰੀਕ ਤੋਂ ਪਹਿਲਾਂ ਦੇ ਸਨ ਜਦਕਿ ਦੂਜੀ ਧਿਰ ਦੇ ਅਪਲਾਈ ਕਰਨ ਤੋਂ ਬਾਅਦ ਦੇ ਸਨ। ਦੂਸਰੀ ਧਿਰ ਨੇ ਸਿੰਗਲ ਬੈਂਚ ਦੇ ਇਸ ਫੈਸਲੇ ਖਿਲਾਫ਼ ਹਾਈ ਕੋਰਟ ਵਿੱਚ ਡਬਲ ਬੈਂਚ ਤੇ ਕੇਸ ਲਗਾਇਆ। ਡਬਲ ਬੈਂਚ ਦਾ ਫੈਸਲਾ ਇਹਨਾਂ 29 ਮੁੱਖ ਅਧਿਆਪਕਾਂ ਦੇ ਹੱਕ ਵਿੱਚ ਨਹੀਂ ਆਇਆ।ਮਾਨਯੋਗ ਹਾਈਕੋਰਟ ਦੇ ਡਬਲ ਬੈਂਚ ਨੇ ਫੈਸਲਾ ਦਿੱਤਾ ਕਿ 162 ਮੁੱਖ ਅਧਿਆਪਕਾਂ ਨੂੰ ਸਰਕਾਰੀ ਨੌਕਰੀ ਕਰਦੇ ਛੇ ਸਾਲ ਹੋ ਗਏ ਹਨ ਅਤੇ ਹੁਣ ਇਹਨਾਂ ਨੂੰ ਕੱਢਿਆ ਨਹੀਂ ਜਾ ਸਕਦਾ । ਜਦ ਕਿ 29 ਮੁੱਖ ਅਧਿਆਪਕਾਂ ਨੂੰ ਵੀ ਨੌਕਰੀ ਕਰਦੇ ਹੋਏ ਪੰਜ ਸਾਲ ਹੋ ਗਏ।ਇਹ ਅਧਿਆਪਕ ਆਪਣੀ ਅਰਜੋਈ ਲੈ ਕੇ ਸੁਪਰੀਮ ਕੋਰਟ ਗਏ। ਸੁਪਰੀਮ ਕੋਰਟ ਦੇ ਫੈਸਲੇ ਦੀ ਬਿਨਾਂ ਉਡੀਕ ਕੀਤਿਆਂ ਸਿੱਖਿਆ ਵਿਭਾਗ ਨੇ 29 ਮੁੱਖ ਅਧਿਆਪਕਾਂ ਨੂੰ ਰੁਜ਼ਗਾਰ ਤੋਂ ਵਾਂਝੇ ਕਰ ਦਿੱਤਾ। ਸਰਕਾਰ ਨੇ ਇਹਨਾਂ ਅਧਿਆਪਕਾਂ ਦਾ ਰੁਜ਼ਗਾਰ ਖੋਹ ਕੇ ਆਪਣੀਆਂ ਕਮਜ਼ੋਰੀਆਂ ਤੇ ਪਰਦਾ ਪਾਇਆ ਹੈ। ਗੋਰਮਿੰਟ ਟੀਚਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਪ੍ਰਿੰਸੀਪਲ ਅਮਨਦੀਪ ਸ਼ਰਮਾ ਅਤੇ ਜ਼ਿਲ੍ਹਾ ਜੁਆਇੰਟ ਸਕੱਤਰ ਪ੍ਰਿੰਸ ਪਲਿਆਲ ਗੜਦੀਵਾਲਾ ਅਤੇ ਜ਼ਿਲ੍ਹਾ ਆਗੂ ਦਵਿੰਦਰ ਹੁਸ਼ਿਆਰਪੁਰ ਨੇ ਸਰਕਾਰ ਦੇ ਇਸ ਕਦਮ ਦੀ ਜੋਰਦਾਰ ਨਿਖੇਧੀ ਕੀਤੀ ਹੈ। ਆਗੂਆਂ ਨੇ ਕਿਹਾ ਸਰਕਾਰ ਦੋਵਾਂ ਧਿਰਾਂ ਨੂੰ ਇਨ੍ਹਾਂ ਪੋਸਟਾਂ ਤੇ ਰੈਗੂਲਰ ਕਰੇ। ਸਰਕਾਰ ਮੁੱਖ ਅਧਿਆਪਕਾਂ ਦੀ ਜ਼ਿੰਦਗੀ ਦੇ ਪੰਜ ਸਾਲ ਖੂਹ ਖਾਤੇ ਵਿੱਚ ਪਾ ਰਹੀ ਹੈ। ਆਗੂਆਂ ਨੇ ਮੰਗ ਕੀਤੀ ਕਿ ਜਿਹੜੇ ਵੀ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਜਾਂਦਾ ਹੈ , ਸਰਕਾਰ ਨੈਤਿਕ ਜਿੰਮੇਵਾਰੀ ਸਮਝਦੀ ਹੋਈ ਉਹਨਾਂ ਕੇਸਾਂ ਵਿੱਚ ਹਮਦਰਦੀ ਨਾਲ ਵਿਚਾਰ ਕਰੇ । ਭਰਤੀ ਦੀ ਉਮਰ ਲੰਘਾਅ ਚੁੱਕੇ ਅਧਿਆਪਕ ਹੁਣ ਕਿੱਧਰ ਜਾਣ ? ਉਹਨਾਂ ਕਿਹਾ ਅਧਿਆਪਕਾਂ ਨੇ ਆਪਣੇ ਬੱਚਿਆਂ ਦੀਆਂ ਪੜ੍ਹਾਈਆਂ ਲਈ ਅਤੇ ਮਕਾਨ ਬਣਾਉਣ ਲਈ ਆਪਣੀ ਨੌਕਰੀ ਦੇ ਅਨੁਸਾਰ ਕਰਜੇ ਚੁੱਕੇ ਹੋਏ ਸਨ। ਇਹ ਪਰਿਵਾਰ ਹੁਣ ਗੰਭੀਰ ਆਰਥਿਕ ਸੰਕਟ ਵਿੱਚ ਫ਼ਸ ਜਾਣਗੇ । ਪ੍ਰਿਤਪਾਲ ਸਿੰਘ ਚਟਾਲਾ, ਸੰਜੀਵ ਧੂਤ, ਗੁਰਪ੍ਰੀਤ ਸਿੰਘ, ਗੁਰਮੁੱਖ ਸਿੰਘ ਬਲਾਲਾ, ਜਗਵਿੰਦਰ ਸਿੰਘ, ਅਨਿਲ ਕੁਮਾਰ, ਮਲਕੀਤ ਸਿੰਘ ,ਚਰਨਜੀਤ ਸਿੰਘ ,ਸਰਤਾਜ ਸਿੰਘ, ਰਮਨਦੀਪ ਕੁਮਾਰ, ਬਚਿੱਤਰ ਸਿੰਘ ,ਦੀਪਕ ਕੋਡਲ ,ਭੁਪਿੰਦਰ ਸਿੰਘ ,ਨਵਤੇਜ ਸਿੰਘ ,ਸਚਿਨ ਕੁਮਾਰ ,ਮਨੋਜ ਕੁਮਾਰ ਸ਼ਰਮਾ, ਲਖਬੀਰ ਸਿੰਘ ,ਨਵਜੋਤ ਸਿੰਘ ,ਬਹਾਦਰ ਸਿੰਘ, ਮਹਿੰਦਰ ਸਿੰਘ, ਗੁਰਪ੍ਰੀਤ ਸਿੰਘ,ਜਸਵਿੰਦਰ ਸਿੰਘ।ਨੇ ਕਿਹਾ ਕਿ ਸਰਕਾਰ ਇਹਨਾਂ 29 ਅਧਿਆਪਕਾਂ ਨੂੰ ਫਾਰਗ ਕਰਨ ਦਾ ਫੈਸਲਾ ਤੁਰੰਤ ਵਾਪਸ ਲਵੇ। ਉਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਸਰਕਾਰ ਖਿਲਾਫ ਅਜਿਹੇ ਲੋਕ ਵਿਰੋਧੀ ਚੁੱਕੇ ਹੋਏ ਕਦਮਾਂ ਦਾ ਪਰਦਾਫਾਸ਼ ਕੀਤਾ ਜਾਵੇਗਾ ਅਤੇ ਸੰਘਰਸ਼ ਤਿੱਖਾ ਕਰਕੇ ਆਰ ਪਾਰ ਦੀ ਲੜਾਈ ਵਿੱਢੀ ਜਾਵੇਗੀ ।

# ਲੜਕਿਆਂ ਦੇ ਅੰਡਰ-19 ਕ੍ਰਿਕਟ ਵਿੱਚ, ਹੁਸ਼ਿਆਰਪੁਰ ਨੇ ਕਪੂਰਥਲਾ ਟੀਮ ਨੂੰ 153 ਦੌੜਾਂ ਨਾਲ ਹਰਾਇਆ : ਡਾ. ਰਮਨ ਘਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 22 ਜੂਨ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 21 ਜੂਨ (ਤਰਸੇਮ ਦੀਵਾਨਾ) ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਕਰਵਾਏ ਗਏ ਲੜਕਿਆਂ ਦੇ ਅੰਡਰ-19 ਕ੍ਰਿਕਟ ਮੁਕਾਬਲੇ ਵਿੱਚ, ਹੁਸ਼ਿਆਰਪੁਰੀ ਟੀਮ ਨੇ ਕਪੂਰਥਲਾ ਟੀਮ ਨੂੰ 153 ਦੌੜਾਂ ਨਾਲ ਹਰਾ ਕੇ ਆਪਣਾ ਪਹਿਲਾ ਲੀਗ ਮੈਚ ਜਿੱਤਿਆ। ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਐਚਡੀਸੀਏ ਦੇ ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ ਹੁਸ਼ਿਆਰਪੁਰ ਦੀ ਟੀਮ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕੀਤੀ ਅਤੇ ਹਰਮਨਦੀਪ ਦੀਆਂ 101 ਦੌੜਾਂ ਦੀ ਬਦੌਲਤ 50 ਓਵਰਾਂ ਵਿੱਚ 5 ਵਿਕਟਾਂ ਗੁਆ ਕੇ 277 ਦੌੜਾਂ ਬਣਾਈਆਂ। ਜਿਸ



ਵਿੱਚ ਹਰਮਨਦੀਪ ਨੇ 101 ਦੌੜਾਂ, ਸਾਹਿਲ ਸਲੋਹਤਰਾ ਨੇ 40 ਦੌੜਾਂ, ਹਰਸ਼ ਚੌਹਾਨ ਨੇ 35 ਦੌੜਾਂ, ਏਸ਼ਵੀਰ ਨੇ 29 ਦੌੜਾਂ, ਕ੍ਰਿਸ਼ਨ ਵਾਲੀਆ ਨੇ 24 ਦੌੜਾਂ ਅਤੇ ਮਨਵੀਰ ਸਿੰਘ ਹੀਰ ਨੇ 21 ਦੌੜਾਂ ਦਾ ਯੋਗਦਾਨ ਪਾਇਆ। ਕਪੂਰਥਲਾ ਵੱਲੋਂ ਰਣਵੀਰ ਨੇ 2 ਵਿਕਟਾਂ ਲਈਆਂ। 50 ਓਵਰਾਂ ਵਿੱਚ ਜਿੱਤ ਲਈ 278 ਦੌੜਾਂ ਦੇ ਟੀਚੇ ਨਾਲ ਬੱਲੇਬਾਜ਼ੀ ਕਰਨ ਆਈ ਕਪੂਰਥਲਾ ਦੀ ਟੀਮ ਹੁਸ਼ਿਆਰਪੁਰ ਦੀ ਸ਼ਾਨਦਾਰ ਗੇਂਦਬਾਜ਼ੀ ਸਾਹਮਣੇ 34.3 ਓਵਰਾਂ ਵਿੱਚ ਸਿਰਫ਼ 124 ਦੌੜਾਂ ਹੀ ਬਣਾ ਸਕੀ। ਜਿਸ ਵਿੱਚ ਯੁਵਰਾਜ ਸਿੰਘ ਨੇ 24 ਦੌੜਾਂ ਅਤੇ ਸੂਰਿਆ ਮਹਾਜਨ ਨੇ 26 ਦੌੜਾਂ ਬਣਾਈਆਂ। ਹੁਸ਼ਿਆਰਪੁਰ ਵੱਲੋਂ ਸ਼ਾਨਦਾਰ ਗੇਂਦਬਾਜ਼ੀ ਕਰਦੇ ਹੋਏ ਉਪ-ਕਪਤਾਨ ਆਰੀਆ ਅਰੋੜਾ ਨੇ 4 ਵਿਕਟਾਂ, ਮਨਵੀਰ ਸਿੰਘ ਹੀਰ ਅਤੇ ਅਸੀਸਜੋਤ ਸਿੰਘ ਨੇ 2-2 ਵਿਕਟਾਂ ਅਤੇ ਹਰਸ਼ਿਤ ਨੰਦਾ ਨੇ 1 ਵਿਕਟ ਲਈ। ਇਸ ਤਰ੍ਹਾਂ ਹੁਸ਼ਿਆਰਪੁਰ ਦੀ ਟੀਮ ਨੇ ਇਹ ਮੈਚ 153 ਦੌੜਾਂ ਦੇ ਵੱਡੇ ਫਰਕ ਨਾਲ ਜਿੱਤਿਆ। ਇਸ ਮੌਕੇ ਡਾ. ਰਮਨ ਘਈ ਨੇ ਟੀਮ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਟੀਮ ਭਵਿੱਖ ਵਿੱਚ ਵੀ ਆਪਣਾ ਚੰਗਾ ਪ੍ਰਦਰਸ਼ਨ ਜਾਰੀ ਰੱਖੇਗੀ। ਇਸ ਮੌਕੇ ਐਚਡੀਸੀਏ ਦੇ ਪ੍ਰਧਾਨ ਡਾ. ਦਲਜੀਤ ਖੇਲਾ ਨੇ ਗਰੁੱਪ ਐਸੋਸੀਏਸ਼ਨ ਵੱਲੋਂ ਟੀਮ ਨੂੰ ਵਧਾਈ ਦਿੱਤੀ। ਜ਼ਿਲ੍ਹਾ ਸੀਨੀਅਰ ਕੋਚ ਦਲਜੀਤ ਸਿੰਘ, ਜੂਨੀਅਰ ਕੋਚ ਦਲਜੀਤ ਧੀਮਾਨ, ਪੰਕਜ ਪਿੰਕਾ ਅਤੇ ਦਿਨੇਸ਼ ਸ਼ਰਮਾ ਦੇ ਨਾਲ-ਨਾਲ ਜ਼ਿਲ੍ਹਾ ਟ੍ਰੇਨਰ ਕੁਲਦੀਪ ਧਾਮੀ ਅਤੇ ਜ਼ਿਲ੍ਹਾ ਮਹਿਲਾ ਕੋਚ ਦਵਿੰਦਰ ਕੌਰ ਕਲਿਆਣ ਨੇ ਟੀਮ ਨੂੰ ਇਸ ਜਿੱਤ 'ਤੇ ਵਧਾਈ ਦਿੱਤੀ। ਇਸ ਮੌਕੇ ਡਾ. ਰਮਨ ਘਈ ਨੇ ਦੱਸਿਆ ਕਿ ਹੁਸ਼ਿਆਰਪੁਰ ਟੀਮ ਦਾ ਅਗਲਾ ਮੈਚ 23 ਜੂਨ ਨੂੰ ਰੋਪੜ ਦੀ ਟੀਮ ਨਾਲ ਖੇਡਿਆ ਜਾਵੇਗਾ।

# ਅੱਜ ਬਾਬਾ ਬਲਵੰਤ ਸਿੰਘ ਸਿਹੋੜਾ ਵਾਲਿਆਂ ਦੀ 11ਵੀਂ ਬਰਸੀ ਸਮਾਗਮ ਮੌਕੇ ਪਹਿਲੇ ਦਿਨ ਲੜਕੀਆਂ ਦੇ ਵਿਆਹ ਕਰਵਾਏ ਗਏ ਬਲਵਿੰਦਰ ਕੰਗ,ਜਗਤਾਰ ਭੱਟੀ

"Equality and justice" Patiala 22 June
INTERNATIONAL PAPER, 94636 01616
hardipchumber57@gmail.com



ਪਟਿਆਲਾ ਜਗਤਾਰ ਸਿੰਘ ਰੋੜੇਵਾਲ-- ਸੰਤ ਖਾਲਸਾ ਦਲ ਦੇ ਬਾਨੀ ਬ੍ਰਹਮਲੀਨ ਸ੍ਰੀ ਮਾਨ ੧੧੧ ਸੰਤ ਬਾਬਾ ਬਲਵੰਤ ਸਿੰਘ ਜੀ ਸਿੱਧਸਰ ਸਿਹੋੜਾ ਸਾਹਿਬ ਵਾਲਿਆਂ ਦੀ 11ਵੀਂ ਬਰਸੀ ਮਿਤੀ 22,23 ਅਤੇ 24 ਜੂਨ 2025 ਦਿਨ ਐਤਵਾਰ, ਸੋਮਵਾਰ ਅਤੇ ਮੰਗਲਵਾਰ ਨੂੰ ਪ੍ਰਚੀਨ ਉਦਾਸੀਨ ਡੇਰਾ ਗੁਰਦੁਆਰਾ ਗੁਫਾਸਰ ਸਾਹਿਬ ਪਿੰਡ ਰੇੜਗੜ੍ਹ (ਰੋੜੇਵਾਲ ਸਾਹਿਬ) ਜ਼ਿਲ੍ਹਾ ਪਟਿਆਲਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ,ਸੰਤ ਗੁਰਚਰਨ ਸਿੰਘ ਮੌਜੂਦਾ ਗੱਦੀਨਸ਼ੀਨ ਰੋੜੇਵਾਲ ਸਾਹਿਬ ਜੀਆਂ ਦੀ ਸਰਪ੍ਰਸਤੀ ਹੇਠ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਸਾਹਿਤ ਮਨਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਬਲਵਿੰਦਰ ਸਿੰਘ ਕੰਗ ਸਰਪੰਚ ਰੇੜਗੜ੍ਹ ਨੇ ਦੱਸਿਆ ਕਿ ਅੱਜ 22 ਜੂਨ ਨੂੰ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਸੰਤ ਗੁਰਚਰਨ ਸਿੰਘ ਜੀ ਮੌਜੂਦਾ ਗੱਦੀਨਸ਼ੀਨ ਜੀਆਂ ਵਲੋਂ, ਦੀ-ਪਟਿਆਲਾ ਵੈਲਫੇਅਰ ਸੁਸਾਇਟੀ ਪਟਿਆਲਾ ਦੇ ਸਹਿਯੋਗ ਨਾਲ ਕਰਵਾਏ ਗਏ ਅਤੇ ਲੜਕੀਆਂ ਨੂੰ ਘਰ ਦੇ ਲਈ ਘਰੇਲੂ ਸਾਮਾਨ ਦਿੱਤਾ ਗਿਆ।ਸਮਾਗਮ ਦੇ ਆਖਰੀ ਦਿਨ 24 ਜੂਨ ਨੂੰ ਸਵੇਰੇ 11.30 ਵਜੇ ਤੋਂ ਬਾਅਦ ਦੁਪਹਿਰ 1.30 ਵਜੇ ਤੱਕ ਸ੍ਰੀ ਮਾਨ ਸੰਤ ਗੁਰਚਰਨ ਸਿੰਘ ਜੀ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ਉਪਰੰਤ ਲੜੀਵਾਰ ਚੱਲ ਰਹੀ ਅਖੰਡਪਾਠ ਸਾਹਿਬ ਜੀ ਦੀ ਲੜੀ ਦੇ ਭੋਗ ਪਾਏ ਜਾਣਗੇ,ਉਪਰੰਤ ਅਰਦਾਸ ਹੋਵੇਗੀ।25 ਜੂਨ ਦਿਨ ਬੁੱਧਵਾਰ ਨੂੰ ਸਵੇਰੇ 8 ਵਜੇ ਅੰਮ੍ਰਿਤ ਪਾਨ ਕਰਵਾਇਆ ਜਾਵੇਗਾ।

ਇਸ ਮੌਕੇ ਸੰਤ ਗੁਰਚਰਨ ਸਿੰਘ ਜੀ ਮੌਜੂਦਾ ਗੱਦੀਨਸ਼ੀਨ ਰੋੜੇਵਾਲ, ਰਣਬੀਰ ਸਿੰਘ ਖੱਟੜਾ ਸਾਬਕਾ ਆਈ ਜੀ, ਬਲਵਿੰਦਰ ਸਿੰਘ ਕੰਗ ਸਰਪੰਚ ਰੇੜਗੜ੍ਹ, ਬਰਮਾ ਸਿੰਘ ਸਰਪੰਚ ਕਾਠਮੱਠੀ, ਜਗਤਾਰ ਸਿੰਘ ਸਾਬਕਾ ਸਰਪੰਚ ਰੇੜਗੜ੍ਹ, ਸੁਖਵਿੰਦਰ ਸਿੰਘ ਨੰਬਰਦਾਰ, ਗਿਆਨੀ ਭਜਨ ਸਿੰਘ ਚੰਡੀਗੜ੍ਹ ਜਰਨਲ ਸਕੱਤਰ, ਮਨਜੀਤ ਸਿੰਘ ਕਾਠਮੱਠੀ,ਅਮਰੀਕ ਸਿੰਘ ਸਾਬਕਾ ਸਰਪੰਚ ਸਿਊਨਾ, ਗੁਰਬਾਜ ਸਿੰਘ ਖਲੀਫੇਵਾਲ, ਜਗਦੇਵ ਸਿੰਘ ਮਨੈਜਰ,ਯਾਦਵਿੰਦਰ ਸਿੰਘ ਕਾਠਮੱਠੀ, ਜਗਤਾਰ ਸਿੰਘ ਤਾਰੀ ਨੰਬਰਦਾਰ, ਹਰਜੀਤ ਸਿੰਘ ਬੱਸੀ, ਮਲਕੀਤ ਸਿੰਘ ਠਾਣੇਦਾਰ, ਮੇਵਾ ਸਿੰਘ ਮਲੇਰਕੋਟਲਾ,ਦੂਨੀ ਬੜਹੁੱਖਾਂ, ਭਜਨ ਸਿੰਘ ਐਸ ਈ ਕਾਠਮੱਠੀ,ਬੱਬੀ ਟਿਵਾਣਾ ਕੁਲਦੀਪ ਧੀਮਾਨ ਜੱਸੋਵਾਲ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਮੌਜੂਦ ਸਨ।

ਆਖਰੀ ਦਿਨ ਸਾਧੂ-ਸੰਤ ਮਹਾਤਮਾ, ਵਿਦਵਾਨ ,ਬੁਧੀਜੀਵੀ ਤੇ ਸੰਗਤਾਂ ਵਲੋਂ ਸੰਤ ਬਾਬਾ ਬਲਵੰਤ ਸਿੰਘ ਜੀ ਸਿਹੋੜਾ ਸਾਹਿਬ ਵਾਲਿਆਂ ਨੂੰ ਸ਼ਰਧਾਂਜਲੀ ਭੇਟ ਕਰਨਗੇ।

# ਸਾਹਿਤਕ ਮੰਚ ਭਗਤਾ ਭਾਈ ਵੱਲੋਂ ਇੱਕੋ ਦਿਨ ਤਿੰਨ ਪੁਸਤਕਾਂ ਲੋਕ ਅਰਪਣ ਕਰਨ ਦਾ ਫੈਸਲਾ

"Equality and justice" Patiala 22 June
INTERNATIONAL PAPER, 94636 01616
hardipchumber57@gmail.com



ਭਗਤਾ ਭਾਈ,22 ਜੁਲਾਈ 2025 :ਸਾਹਿਤਕ ਮੰਚ ਭਗਤਾ ਨੇ 6 ਜੁਲਾਈ ਨੂੰ ਇੱਕੋ ਦਿਨ ਤਿੰਨ ਪੁਸਤਕਾਂ ਲੋਕ ਅਰਪਣ ਕਰਨ ਦਾ ਫੈਸਲਾ ਕੀਤਾ ਹੈ। ਅੱਜ ਇਸ ਸਬੰਧ ਵਿੱਚ ਇੱਕ ਮੀਟਿੰਗ ਕੀਤੀ ਗਈ ਜਿਸ ਵਿੱਚ ਮੰਚ ਦੇ ਸਮੂਹ ਅਹੁਦੇਦਾਰ ਸ਼ਾਮਿਲ ਸਨ। ਮੰਚ ਦੇ ਪ੍ਰਧਾਨ ਸੁਖਮੰਦਰ ਬਰਾੜ ਗੁੰਮਟੀ ਨੇ ਆਏ ਹੋਏ ਮੈਂਬਰ ਸਾਹਿਬਾਨ ਨੂੰ ਜੀ ਆਇਆਂ ਕਿਹਾ। ਮੰਚ ਦੇ ਵਿੱਤ ਸਕੱਤਰ ਰੰਗਕਰਮੀ ਸੁਖਵਿੰਦਰ ਚੀਦਾ ਨੇ ਆਪਣੇ ਕੈਨੇਡਾ ਸਫ਼ਰ ਦੀ ਰੌਚਕ ਜਾਣਕਾਰੀ ਸਾਂਝੀ ਕੀਤੀ।

ਮੁੱਖ ਸਲਾਹਕਾਰ ਨਛੱਤਰ ਸਿੰਘ ਸਿੱਧੂ ਨੇ ਮੰਚ ਦੀ ਵਿਸ਼ਾਲਤਾ ਤੇ ਜ਼ੋਰ ਦਿੱਤਾ। ਮੰਚ ਦੇ ਜਨਰਲ ਸਕੱਤਰ ਅੰਮ੍ਰਿਤਪਾਲ ਕਲੇਰ ਨੇ 06 ਜੁਲਾਈ ਦੇ ਹੋਣ ਵਾਲੇ ਸਮਾਗਮ ਦੀ ਰੂਪਰੇਖਾ ਰੱਖੀ। ਜਿਸ ਦੀ ਪਰੋੜਤਾ ਮੀਤ ਪ੍ਰਧਾਨ ਪ੍ਰਿੰਸੀਪਲ ਹੰਸ ਸਿੰਘ ਸੋਹੀ ਨੇ ਕੀਤੀ। ਸਮੂਹ ਅਹੁਦੇਦਾਰਾਂ ਨੇ ਸਮਾਗਮ ਵਿੱਚ ਕਵੀ ਦਰਬਾਰ ਕਰਵਾਉਣ ਦੀ ਤਜਵੀਜ਼ ਨੂੰ ਪ੍ਰਵਾਨਗੀ ਦਿੱਤੀ। ਇਸ ਸਮੇਂ ਮਾਸਟਰ ਸੁਰਜੀਤ ਸਿੰਘ, ਸਿਕੰਦਰਦੀਪ ਸਿੰਘ ਰੁਬਲ, ਜਮਹੂਰੀ ਹੱਕਾਂ ਤੋਂ ਸੰਦੀਪ ਸਿੰਘ ਭਗਤਾ, ਬਲਦੇਵ ਸਿੰਘ ਫੌਜੀ ਪਹੁੰਚੇ ਹੋਏ ਸਨ।

"Equality and justice" Patiala 22 June
INTERNATIONAL PAPER, 94636 01616
hardipchumber57@gmail.com

# ਬੱਚੇ ਤੇ ਮੋਬਾਈਲ: ਇੱਕ ਅਰਜ਼ "



**ਪਵਨ ਕੁਮਾਰ ਖਿੱਚੀ, ਮਾਨਸਾ ਮੋਬ. 9478160786**

ਅੱਖਾਂ ਫ਼ੋਨ 'ਤੇ ਗੱਡੀਆਂ, ਦੁਨੀਆ ਤੋਂ ਬੇਖ਼ਬਰ,
ਮਾਸੂਮ ਬਚਪਨ ਨੂੰ, ਲੱਗ ਗਈ ਕਿਸ ਦੀ ਨਜ਼ਰ।
ਨਾ ਖੇਡਾਂ 'ਚ ਦਿਲ ਲੱਗਦਾ, ਨਾ ਰੋਟੀ ਦਾ ਕੋਈ ਚਾਅ,
ਸਕਰੀਨ ਹੀ ਦੁਨੀਆ ਏ, ਬੱਚੇ ਦੀ ਮਾਂ-ਪਿਓ ਦੀ ਜਗ੍ਹਾ।

ਜਦੋਂ ਝਾਤ ਮਾਪਿਆਂ ਦੇ ਵੱਲ ਮਾਰੀ,
ਉਹਨਾਂ ਦੀ ਵੀ ਫ਼ੋਨ ਨਾਲ ਪੱਕੀ ਯਾਰੀ।
ਪਿਓ ਵੇਖੇ ਖ਼ਬਰਾਂ, ਮਾਂ ਰੀਲਾਂ ਵੇਖਦੀ,
ਬੱਚੇ ਦੇ ਮਨ ਦੀ ਪੀੜ, ਨਾ ਕੋਈ ਸੇਕਦੀ।

ਜੋ ਘਰ ਵਿੱਚ ਵੇਖੇ, ਉਹੀਓ ਸਿੱਖਦਾ ਏ ਬਾਲ,
ਕਿਵੇਂ ਕਹੋਗੇ ਫਿਰ, ਬੱਚਿਆ ਫ਼ੋਨ ਚੋਂ ਮਨ ਟਾਲ।
ਉਹ ਤੁਹਾਡਾ ਹੀ ਸ਼ੀਸ਼ਾ, ਪਰਛਾਵਾਂ ਨੇ ਤੁਹਾਡਾ,
ਤੁਸੀਂ ਜੋ ਬੀਜੋਗੇ, ਉਹੀ ਫਲ ਪਾਵਾਂਗੇ।

ਆਓ, ਫ਼ੋਨ ਨੂੰ ਰੱਖੀਏ ਥੋੜ੍ਹਾ ਪਰ੍ਹਾਂ,
ਬੱਚੇ ਦੇ ਦਿਲ ਦੀ ਸੁਣੀਏ ਜ਼ਰਾ।
ਉਸਦੀਆਂ ਨਿੱਕੀਆਂ ਗੱਲਾਂ ਨੂੰ ਮਾਣੀਏ,
ਉਸਦੇ ਮਨ ਦਾ ਹਾਲ ਪਛਾਣੀਏ।

ਲੈ ਕੇ ਚੱਲੀਏ ਪਾਰਕ, ਖੇਡੀਏ ਖੇਡਾਂ,
ਸੁਣਾਈਏ ਕਹਾਣੀਆਂ, ਭੁੱਲ ਜਾਣਗੇ ਝੇੜਾ।
ਹੱਥਾਂ 'ਚ ਫੜਾਈਏ ਕਿਤਾਬਾਂ ਤੇ ਰੰਗ,
ਜ਼ਿੰਦਗੀ ਜਿਊਣ ਦਾ ਸਿਖਾਈਏ ਨਵਾਂ ਢੰਗ।

ਸਕਰੀਨਾਂ ਦੀ ਚਮਕ ਛੱਡ, ਦੇਖੇ ਜੱਗ ਦਾ ਨੂਰ,
ਤੁਹਾਡੇ ਨਾਲ ਖਿੜਨਾ ਏ, ਬੱਚਿਆਂ ਦੇ ਚਿਹਰੇ ਦਾ ਸਰੂਰ।
ਜੋ ਰੰਗ ਤੁਸੀਂ ਭਰੋਗੇ, ਉਹੀ ਤਸਵੀਰ ਬਣੇਗੀ,
ਤੁਹਾਡੀ ਨੇਕੀ ਦੀ ਛਾਂ ਹੇਠ, ਬੱਚਿਆਂ ਦੀ ਤਕਦੀਰ ਬਣੇਗੀ।

# ਡੇਰਾ ਸੰਤ ਬਾਬਾ ਬੈਰਾਗ ਦਾਸ ਜੀ ਸਰੂਪ ਨਗਰ ਜਲੰਧਰ ਵਲੋਂ ਸ. ਹਰਭਜਨ ਸਿੰਘ ਪ੍ਰਧਾਨ ਸ੍ਰੀ ਗੁਰ ਰਵਿਦਾਸ ਗੁਰੂਦਵਾਰਾ ਸਾਹਿਬ ਪਿੰਡ ਮਾਨਾ ਨੂੰ ਕੀਤਾ ਗਿਆ ਸਨਮਾਨਤ

"Equality and justice" Patiala 22 June
INTERNATIONAL PAPER, 94636 01616
hardipchumber57@gmail.com



ਜਲੰਧਰ( ਚਰਨਜੀਤ ਸੱਲ੍ਹਾਂ )ਅੱਜ ਮਿਤੀ 22/06/2025 ਨੂੰ ਡੇਰਾ ਸੰਤ ਬਾਬਾ ਬੈਰਾਗ ਦਾਸ ਜੀ ਪਿੰਡ ਸਰੂਪ ਨਗਰ ਜਲੰਧਰ ਵਿਖੇ ਸਾਲਾਨਾ ਸਮਾਗਮ ਮਨਾਇਆ ਗਿਆ, ਇਸ ਸਮਾਗਮ ਵਿਚ ਸੰਗਤ ਦੂਰ ਦੂਰ ਤੋਂ ਚੱਲਕੇ ਆਉਂਦੀ ਹੈ I ਸੰਤ ਬਾਬਾ ਬੈਰਾਗ ਦਾਸ ਬ੍ਰਹਮ ਗਿਆਨੀ ਸੰਤ ਮਹਾਪੁਰਸ ਹੋਏ ਸਨ I ਜਿਨ੍ਹਾਂ ਨੂੰ ਮੰਨਣ ਵਾਲੇ ਉਨ੍ਹਾਂ ਦੇ ਸੇਵਕ ਦੂਰੇ ਦੂਰੇ ਜਿਸੇ ਕੀ ਅਮ੍ਰਿਤਸਰ ਸਾਹਿਬ, ਪਠਾਨਕੋਟ, ਹੋਸ਼ਿਆਰਪੁਰ, ਜਲੰਧਰ ਅਤੇ ਹੋਰ ਵੀਂ ਬੱਡੇ ਵੱਡੇ ਸ਼ਹਿਰਾ ਵਿੱਚੋ ਉਨ੍ਹਾਂ ਦੇ ਮੰਨਣ ਵਾਲੇ ਪੈਰੋਕਾਰ ਸ਼ਰਧਾਲੂ ਆਉਂਦੇ ਹਨ ਤੇ ਹਰ ਸਾਲ ਵੱਡੇ ਪੱਧਰ ਤੇ ਉਨ੍ਹਾਂ ਦਾ ਇਹ ਦਿਨ ਮਨਾਇਆ ਜਾਂਦਾ ਹੈ ਇਸ ਮੌਕੇ ਡੇਰੇ ਦੀ ਕਮੇਟੀ ਅਤੇ ਪੰਚਾਇਤ ਵਲੋਂ ਆਏ ਹੋਏ ਗੁਰੂ ਘਰਾਂ ਦੇ ਪ੍ਰਧਾਨ ਤੇ ਹੋਰ ਮੋਹਤਵਰਾਂ ਨੂੰ ਸਨਮਾਨਤ ਕੀਤਾ ਜਾਂਦਾ ਹੈ I ਇਸ ਮੌਕੇ ਪਿੰਡ ਮਾਨਾ ਤੋਂ ਆਏ ਹੋਏ ਸ. ਹਰਭਜਨ ਸਿੰਘ ਜੀ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਗੁਰੂਦਵਾਰਾ ਸਾਹਿਬ ਪਿੰਡ ਮਾਨਾ ਹੋਸ਼ਿਆਰਪੁਰ ਨੂੰ ਵੀਂ ਡੇਰੇ ਦੀ ਕਮੇਟੀ ਅਤੇ ਸਰਪੰਚ ਮੰਗਾ ਸਿੰਘ ਜੀ ਵਲੋਂ ਸਨਮਾਨਤ ਕੀਤਾ ਗਿਆ I ਇਸ ਮੌਕੇ ਹਾਜਰ ਸਾਥੀਆਂ ਵਿਚ ਰਾਜ ਕੁਮਾਰ ਮੁੱਖ ਸੇਵਾ ਦਾਰ, ਪਲਵਿੰਦਰ ਮਾਨਾ ਜੀ, ਬਾਬੂ ਰੋਸ਼ਨ ਲਾਲ ਜੀ ਲੰਬਰਦਾਰ ਰਾਜ ਕੁਮਾਰ, ਜਸਬੀਰ ਸਿੰਘ, ਗੁਰਮੀਤ ਸਿੰਘ, ਸੰਤੋਖ ਸਿੰਘ, ਨਾਰੰਜਣ ਸਿੰਘ, ਤੇਜਪਾਲ, ਰਾਜਵਿੰਦਰ ਕੌਰ ਪੰਚ, ਸੁਰਿੰਦਰ ਕੌਰ, ਸਵਰਨ ਕੌਰ, ਕਿਰਨਾਂ, ਤਰਸੇਮ ਕੌਰ ਅਤੇ ਡੇਰੇ ਦੀ ਕਮੇਟੀ ਦੇ ਮੇਂਬਰ ਸਹਿਬਾਨ ਅਤੇ ਵੱਡੀ ਗਿਣਤੀ ਵਿਚ ਸੰਗਤ ਹਾਜਰ ਸੀ I

# ਕਿਤਾਬਾਂ ਰਾਹੀਂ ਗਿਆਨ ਵੰਡਿਆ ਜਾ ਰਿਹਾ-ਜਸਵੀਰ ਮੋਰੋਂ

"Equality and justice" Patiala 22 June
INTERNATIONAL PAPER, 94636 01616
hardipchumber57@gmail.com




ਬੰਗਾ( ਚਰਨਜੀਤ ਸੱਲ੍ਹਾਂ )ਵਿਵੇਕ ਵਿਕਾਸ ਲਹਿਰ ਪੰਜਾਬ, ਮੁੱਖ ਦਫ਼ਤਰ ਬੰਗਾ ਵਲੋਂ ਬਾਰਾਂਦਰੀ ਬਾਗ ਵਿਖੇ ਚੱਲ ਰਹੀ ਲਾਇਬ੍ਰੇਰੀ ਵਾਸਤੇ ਕਿਤਾਬਾਂ ਭੇਟ ਕੀਤੀਆਂ ਗਈਆਂ।ਇਸ ਮੌਕੇ ਲਾਇਬ੍ਰੇਰੀ ਦੇ ਇਨਚਾਰਜ ਮੈਡਮ ਅਨੂਪ ਰਾਣਾ, ਸ੍ਰੀ ਸੰਦੀਪ ਨਈਅਰ, ਸ. ਜਰਨੈਲ ਸਿੰਘ ਜਾਫ਼ਰਪੁਰ, ਸ. ਜਸਵੀਰ ਸਿੰਘ ਮੋਰੋਂ,ਸਰਪੰਚ ਨਿੰਦਰ ਮਾਈਦਿੱਤਾ, ਸ੍ਰੀ ਸ਼ਸ਼ੀ ਬਾਲੀ,ਸ੍ਰੀ ਦਲਵੀਰ ਮਾਹੀ ਬੇਗੋਵਾਲ, ਸ੍ਰੀ ਸਤਵਿੰਦਰ ਮਦਾਰਾ, ਸ.ਸੁਖਵੀਰ ਸਿੰਘ ਐਡਵੋਕੇਟ,ਸ.ਅਮਰਜੀਤ ਸਿੰਘ ਧਰਮਕੋਟ ਆਦਿ ਹਾਜ਼ਰ ਸਨ।ਇਸ ਮੌਕੇ ਜਸਵੀਰ ਸਿੰਘ ਮੋਰੋਂ ਨੇ ਦੱਸਿਆ ਕਿ ਜਨਵਰੀ 2025 ਤੋਂ ਇਹ ਕਿਤਾਬਾਂ ਮੁਫਤ ਦੇਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈਜਿਸ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ ।ਸਮਰੱਥਾ ਅਨੁਸਾਰ ਹਰ ਮਹੀਨੇ ਸਮਾਗਮਾਂ ਦੌਰਾਨ ਅਤੇ ਸਕੂਲਾਂ ਵਿੱਚ ਜਾ ਕੇ ਕਿਤਾਬਾਂ ਰਾਹੀਂ ਗਿਆਨ ਵੰਡਿਆ ਜਾ ਰਿਹਾ ਹੈ ।ਜਿਸ ਦੇ ਆਉਣ ਵਾਲੇ ਸਮੇਂ ਵਿੱਚ ਚੰਗੇ ਨਤੀਜੇ ਸਾਹਮਣੇ ਆਉਣਗੇ

# ਈ.ਟੀ.ਟੀ 2364 ਬੇਰੁਜ਼ਗਾਰ ਅਧਿਆਪਕ ਯੂਨੀਅਨ ਦੀ ਅਹਿਮ ਮੀਟਿੰਗ ਜਲਾਲਾਬਾਦ ਵਿਖੇ, ਦੂਜੀ ਲਿਸਟ ਜਾਰੀ ਕਰਨ ਦੀ ਮੰਗ

"Equality and justice" Patiala 22 June
INTERNATIONAL PAPER, 94636 01616
hardipchumber57@gmail.com



ਜਲਾਲਾਬਾਦ, 22 ਜੂਨ (ਮਨੋਜ ਕੁਮਾਰ)ਅੱਜ ਈ.ਟੀ.ਟੀ 2364 ਬੇਰੁਜ਼ਗਾਰ ਅਧਿਆਪਕ ਯੂਨੀਅਨ ਜ਼ਿਲ੍ਹਾ ਫਾਜ਼ਿਲਕਾ ਦੀ ਇਕ ਅਹਿਮ ਮੀਟਿੰਗ ਸੂਬਾ ਕਮੇਟੀ ਮੈਂਬਰ ਮਦਨ ਸਿੰਘ ਕਚੂਰਾ ਦੀ ਅਗਵਾਈ ਹੇਠ ਸ਼ਹੀਦ ਉਧਮ ਸਿੰਘ ਪਾਰਕ, ਜਲਾਲਾਬਾਦ ਵਿਖੇ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਬੇਰੁਜ਼ਗਾਰ ਅਧਿਆਪਕ ਹਾਜ਼ਰ ਰਹੇ।

ਆਗੂਆਂ ਨੇ ਦੱਸਿਆ ਕਿ 2364 ਈ.ਟੀ.ਟੀ ਅਧਿਆਪਕਾਂ ਦੀ ਪਹਿਲੀ ਲਿਸਟ ਦੇ ਉਮੀਦਵਾਰ ਲਗਭਗ ਤਿੰਨ ਮਹੀਨੇ ਪਹਿਲਾਂ ਹੀ ਨਿਯੁਕਤੀ ਪ੍ਰਕਿਰਿਆ ਤਹਿਤ ਜੁਆਇਨ ਕਰ ਚੁੱਕੇ ਹਨ, ਪਰ ਦੂਜੀ ਲਿਸਟ ਨੂੰ ਲੈ ਕੇ ਸਿੱਖਿਆ ਵਿਭਾਗ ਵੱਲੋਂ ਲਗਾਤਾਰ ਝੂਠੇ ਲਾਰੇ ਲਗਾਏ ਜਾ ਰਹੇ ਹਨ ਕਿ "ਅੱਜ ਜਾਂ ਕੱਲ੍ਹ" ਲਿਸਟ ਜਾਰੀ ਹੋ ਜਾਵੇਗੀ।

ਯੂਨੀਅਨ ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਬੇਰੁਜ਼ਗਾਰੀ ਦੇ ਸੰਤਾਪ ਨੂੰ ਸਹਿ ਰਹੇ ਅਧਿਆਪਕ ਮਜ਼ਦੂਰੀ ਜਾਂ ਦਿਹਾੜੀ ਕਰ ਕੇ ਆਪਣੇ ਪਰਿਵਾਰ ਦੀ ਰੋਟੀ ਕਮਾ ਰਹੇ ਹਨ। ਉਨ੍ਹਾਂ ਦੀ ਆਰਥਿਕ ਹਾਲਤ ਬਹੁਤ ਨਾਜ਼ੁਕ ਹੈ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਹੋਰ ਗੁਮਰਾਹ ਕਰਨ ਦੀ ਨੀਤੀ ਨੂੰ ਛੱਡ ਕੇ ਤੁਰੰਤ ਦੂਜੀ ਲਿਸਟ ਜਾਰੀ ਕਰੇ ਤਾਂ ਜੋ ਬਾਕੀ ਉਮੀਦਵਾਰ ਵੀ ਜੁਆਇਨ ਕਰ ਸਕਣ ਅਤੇ ਆਪਣਾ ਭਵਿੱਖ ਸੁਨਿਹਰੀ ਬਣਾ ਸਕਣ।

ਮੀਟਿੰਗ ਦੌਰਾਨ ਮਦਨ ਸਿੰਘ ਕਚੂਰਾ (ਸੂਬਾ ਕਮੇਟੀ ਮੈਂਬਰ), ਮਲਕੀਤ ਸਿੰਘ ਕਾਠਗੜ੍ਹ (ਜਨਰਲ ਸਕੱਤਰ, ਜ਼ਿਲ੍ਹਾ ਫਾਜ਼ਿਲਕਾ), ਗੁਰਮੀਤ ਸਿੰਘ ਢਾਬਾਂ, ਪਰਮਜੀਤ ਸਿੰਘ ਕਾਠਗੜ੍ਹ, ਬਲਵਿੰਦਰ ਸਿੰਘ ਬੱਘੇਕੇ, ਸੰਦੀਪ ਸਿੰਘ ਸਿਮਰੇ ਵਾਲੇ, ਬਲਵਿੰਦਰ ਸਿੰਘ ਬਲਾਕੀ ਵਾਲਾ (ਜ਼ਿਲ੍ਹਾ ਪ੍ਰਧਾਨ), ਬਲਵਿੰਦਰ ਸਿੰਘ ਭੜੋਲੀ ਵਾਲਾ, ਰਕੇਸ਼ ਸਿੰਘ ਬਹਾਦਰ ਕੇ, ਪੰਮਾ ਸਿੰਘ ਪਾਲੀ ਵਾਲਾ, ਗੁਰਮੀਤ ਸਿੰਘ ਸਿੱਧੂ ਵਾਲਾ, ਸਰੋਜ ਰਾਣੀ ਕਾਠਗੜ੍ਹ, ਪ੍ਰਵੀਨ ਰਾਣੀ ਅਤੇ ਗੁਰਵਿੰਦਰ ਕੌਰ ਆਦਿ ਨੇ ਭਾਗ ਲਿਆ।

ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਿੱਖਿਆ ਮੰਤਰੀ ਤੋਂ ਮੰਗ ਕੀਤੀ ਕਿ ਜਿੰਨਾ ਜਲਦੀ ਸੰਭਵ ਹੋ ਸਕੇ, ਦੂਜੀ ਲਿਸਟ ਜਾਰੀ ਕਰਕੇ ਉਮੀਦਵਾਰਾਂ ਨੂੰ ਰੁਜ਼ਗਾਰ ਦਿੱਤਾ ਜਾਵੇ

“समानता और न्याय”
पटियाला 22 जून
INTERNATIONAL PAPER, 94636 01616
hardipchumber57@gmail.com

# हमारी आजादी की लड़ाई बाकी है- बाबा साहब

बाबा साहेब कहते हैं

**1935 के अधिनियमन लागू होने के बाद, भारतीय राष्ट्रीय कांग्रेस पार्टी ने 1937 में भारत के आधे राज्यों में सरकारें बनाईं और चतरवर्न के हिंदू लोगों ने 7 राज्यों के ब्राह्मण मुख्यमंत्री बनाए और मंत्री, विधायक और सांसद आदि भी बने। अब शासन, प्रशासन भारत चतरवर्न के लोगों के हाथों में था, फिर भी ये लोग खुद को अंग्रेजों का गुलाम मानते थे। 1947 में सत्ता परिवर्तन के बाद, अनुसूचित वर्ग के लोगों को लगभग वैसे ही समान अधिकार मिले जैसे कि ब्रिटिश शासन के दौरान चतरवर्न के हिंदुओं को थे। वर्तमान में अनुसूचित जाति के लोग मुख्यमंत्री, मंत्री, विधायक, सांसद बनते हैं, लेकिन वे अनुसूचित वर्ग के समाज के लोगों के समानता के अधिकारों को सुनिश्चित करवाने के लिए कुछ नहीं कर पा रहे।**

***गोलमेज सम्मेलन से पहले 9, 10, 11 अगस्त 1930 को नागपुर में तीन दिनों के लिए राष्ट्रीय स्तर का अछूत सम्मेलन आयोजित किया गया था। इसमें लंदन में होने वाले गोलमेज सम्मेलन***



***के लिए अछूतों के प्रतिनिधियों के नामांकन किए जाने थे, जहाँ भावी भारतीय संविधान की रूपरेखा पर चर्चा होनी थी। आज़ादी के बाद जो भी सामाजिक-राजनीतिक घटनाक्रम होने वाले थे, बाबासाहेब ने 20 साल पहले ही चेतावनी दे दी थी। पूरी जानकारी और लिंक के लिए, दैनिक लेख पढ़ना ज़रूरी है।***

**(कल के लेख का शेष भाग).**

## दलित वर्ग और साइमन आयोग:

कांग्रेस के कड़े विरोध को अनदेखा करते हुए मुसलमान अल्पसंख्यकों को लखनऊ समझौते के अंतर्गत उन्हें प्राप्त अपनी जनसंख्या के अनुपात से कहीं अधिक प्रतिनिधित्व की आज्ञा को वैसी की वैसी बना रहने दिया गया। भारतीय ईसाई, आंगल भारतीयों व यूरोपियनों को आयोग ने उनकी जनसंख्या के अनुपात से कहीं अधिक अधिमानी सुविधा दी है। क्या यह एक कलंकपूर्ण अपवाद नहीं है? क्या बाधाओं से घिरे इस समाज के प्रति दयाभाव दिखाना तो दूर वे न्यायोचित भाग पाने के हकदार भी नहीं हैं? यहां तक कि भारतीय केन्द्रीय समिति ने भी दलित वर्ग को उनकी जनसंख्या के अनुपात से प्रतिनिधित्व देने की सिफारिश की है और अगर यह स्वीकार कर लिया जाता है तो हमें कम से कम हर अल्पसंख्यक के बराबर तो मिलेगा।

21. केंद्रीय परिषद के द्वार दलित वर्ग के लिए आरम्भ से ही बन्द रहे हैं और 1921 में जब लोकप्रियता के आधार पर नये नियम बनाए गए तब भी ये दलित वर्ग के लिए बन्द ही रहे। 1926 ई. तक दलित वर्ग के लिए कुछ भी नहीं हुआ। जब 150 सदस्यों वाली विधान सभा में दलित वर्ग को एक सदस्य चुने जाने का अधिकार देकर उन पर एक अहसान किया गया। राज्य सभा के द्वार उनके लिए अभी भी बन्द हैं। साइमन आयोग ने दलित वर्ग के लिए केंद्रीय परिषद में कुछ सीटों के लिए प्रावधान बनाकर एक प्रयास किया है। परन्तु ये प्रावधान केवल विधान सभा के बारे में हैं और राज्यसभा के लिए लागू नहीं होते। जहां मैं उनके द्वारा दर्शाई दयालुता के लिए उनका कृतज्ञ हूं, वहीं मैं उनके इस कंजूसी की शिकायत करता हूं। आपको याद होगा कि लगभग उस समय जब साइमन आयोग की नियुक्ति हुई थी, दलित वर्ग की गणना का लेखा जोखा जिसमें सभी लोगों तथा सरकार ने दावा किया था कि जनगणना में पाई दलित वर्ग की संख्या वास्तविक जनसंख्या से अधिक है। साइमन आयोग के द्वारा अंकित न्यूनतम दलित वर्ग जनसंख्या ब्रिटिश भारत की जनसंख्या की 20 प्रतिशत पाई गई। परन्तु साइमन आयोग द्वारा सुझाए प्रावधान दलित वर्ग की विधान सभा में प्रतिनिधित्व 8 प्रतिशत तक है व राज्य सभा में प्रतिनिधित्व की कोई बात ही नहीं।

22. मैं साइमन आयोग द्वारा अपने दावों तथा आवश्यकताओं को इस व्यवस्थित ढंग से अवमूल्यन की बात को नहीं समझ पा रहा हूँ। हम सब आशावान थे कि साइमन आयोग केवल दलितों को न्याय ही नहीं देंगे बल्कि दयालुता दिखाकर कुछ ज्यादा ही देंगे। ऐसी दयालुता दिखाने के कारणों की भी कोई कमी नहीं थी। यह बात मेरी समझ से परे है कि कोई समुदाय अपनी राजभक्ति के बल पर संविधान बनने के समय कुछ विशेष अधिकार अपने लिए कैसे प्राप्त कर सकता है ? परन्तु जहां तक राजभक्ति द्वारा भारत में कुछ राजनीतिक विशेष अधिकार खरीदने का प्रश्न है दलित वर्ग की राजभक्ति तो असीमित थी। वे केवल सिद्धान्तों के लिए ही अंग्रेजो से प्रेम नहीं करते थे बल्कि उनके प्रति आसक्त थी। दलित वर्ग के विशिष्ट अधिकार की मांग का जोरदार दावा तो दलित वर्ग की बहुत ही अधम हालत से जुड़ा था। भारत का कोई भी अल्पसंख्यक वर्ग इतना पद दलित नहीं है जितना कि यह दलित वर्ग और उस पर बिल्कुल निसहाय उनके दुःख असाधारण हैं व इतने हैं कि ये ही शायद भारत को स्वशासन के अयोग्य करार देने के लिए पर्याप्त थे। निस्संदेह एक समुदाय जिस पर समाज ने

“Equality and Justice”

अत्याचार कर खूब पाप अर्जित किये हों उस समुदाय (दलित वर्ग) को निष्कपटतापूर्ण, उदारतापूर्ण व्यवहार पाने का हक था। दलित वर्ग को साइमन आयोग के हाथों उदारता तो मिली ही नहीं, बल्कि उनको तो न्याय मात्र भी नहीं मिला। कोई यह प्रश्न पूछ सकता है कि लार्ड बिर्कहैड के भावुक विचार जो उन्होंने साइमन आयोग की नियुक्ति के समय संसद में प्रस्ताव लाने के समय व्यक्त किये, का क्या हश्र हुआ ? उस समय दलित वर्ग ने एक विशेष ट्रस्ट बनाया और ब्रिटिश लोग दलित वर्ग के संरक्षण के प्रावधान बनाये बिना इस ट्रस्ट को किसी और को सौंप कर नहीं जा सकते थे। क्या हम यह मानें कि साइमन आयोग की सिफारिशों के साथ शब्दाडम्बर की भावना की भरपाई हो गई? मित्रो, हमें सावधान रहना होगा कि लोग हमारे साथ कैसा व्यवहार कर रहे हैं। मुझे डर है कि ब्रिटिश जानबूझकर हमारे दुर्भाग्यशाली हालात का प्रचार करते हैं इसलिए नहीं कि वे हमारी स्थिति सुधारने के बड़े इच्छुक हैं बल्कि यह सब वे इसलिए करते हैं कि इससे उन्हें भारत की राजनीतिक प्रगति को धीमा करने का एक बहाना मिलता है। मेरी धारणा है कि हमारे नेता इस बात की बहुत कम चिंता करें कि ब्रिटिश ने अभी तक हमारे लिए क्या किया और यह चिंता ज्यादा करें कि भविष्य में हमारे साथ क्या हो सकता है और बिना किसी भय के अपनी जीवनचर्या का निर्धारण सुनिश्चित करें। अगर उदारतापूर्ण व्यवहार नहीं मिलता तो कम से कम न्याय मांगने की दुहाई अवश्य लगाते रहें क्योंकि हमारी विशेष परिस्थितियों के कारण हम यह मांगने के हकदार अवश्य हैं।

**लेख का शेष भाग कल.....**

“समानता और न्याय”
पटियाला 21 जून
INTERNATIONAL PAPER, 94636 01616
hardipchumber57@gmail.com

# सभ्यता या घोर असभ्यता

श्रृंखलावार भाग तीसरा

बाबा साहेब कहते हैं

हालांकि इन पेशेवर अपराधियों को, जो बेरोक-टोक अपना पेशा चलाते थे, अब कुचल दिया गया है ओर वे अब लूटमार और शांति-व्यवस्था को भंग नहीं कर सकते, तो भी भारत में अब भी ऐसी जातियां हैं जो जरायम- पेशा हैं। इनकी सूची सरकार ने जरायम- पेशा जातियों के रूप में बनाई हुई है।

जरायम- पेशा जातियों के लोग मैदानी इलाकों में सभ्य जातियों के लोगों के बीच में भले ही नहीं रहते हैं, लेकिन वे उनके आसपास तो रहते ही हैं। वे संगठित रूप से डकैती और लूटपाट कर अपनी रोजी-रोटी चलाते हैं। इस कारण उन्हें भारत सरकार ने जरायम-पेशा जातियों के रूप में निषिद्ध घोषित कर रखा है। होलियस ने अपनी पुस्तक ‘क्रिमिनल ट्राइब्स आदि यूनाइटेड प्रोविंसेज’ में उनके कार्यकलापों का ब्यौरा दिया है। जुर्म करना ही उनकी रोजी है। उनमें से कुछ दिखावे के लिए भले ही खेती करते हों, पर वह तो असलियत को ढकने का सिर्फ एक बहाना है। उनका धंधा मुख्यतः डकैती और लूटपाट करना है। चूंकि उनकी जाति का पेशा ही जरायम है, इसलिए वे इसे बुरा नहीं समझते। जब वे किसी खास इलाके में डाका डालने की योजना बनाते हैं तो वे सही शिकार की खोज करने, गांव वालों के व्यवहार को देखने-समझने, गांव वालों से मिलने वाली मदद का स्रोत व उसका परिणाम, बंदूकों आदि की संख्या का अनुमान लगाने के लिए जासूस भेजते हैं। ये डाके प्रायः मध्यरात्रि में डाले जाते हैं। जासूसों की सूचना के आधार पर गांव के विभिन्न स्थानों पर वे अपने आदमी तैनात कर देते हैं। ये लोगों का ध्यान बांटने के लिए गोली चलाते हैं। और तब मुख्य टोली पहले से नियत घर अथवा घरों पर हमला कर देती है। टोली प्रायः 30 या 40 लोगों की होती है।

इन जातियों के आम जीवन में जुर्म जो महत्वपूर्ण भूमिका अदा करता है, यहां उस पर बल देना अति आवश्यक है। बच्चा जैसे ही चलने और बोलने लायक हो जाता है, उसे जुर्म करने की शिक्षा दी जानी शुरू हो जाती है। निस्संदेह यह उद्देश्य बहुत ही उपयोगी सिद्ध होता है, क्योंकि छोटी-मोटी चोरी के लिए बच्चों को इस्तेमाल करने में कोई बड़ा जोखिम नहीं होता। यदि कोई बच्चा पकड़ा भी जाएगा तो वह दो-चार तमाचे खाकर छूट जाता है और अगर वह बड़ा हुआ तो उसके फौरन गिरफ्तार होने की शंका रहती है। औरतें भी काफी अहम भूमिका अदा करती हैं। भले ही वे इन कामों में हिस्सा न लें, पर उन पर अनेक भारी जिम्मेदारियां होती हैं। वे चुराए गए अधिकांश माल को तो ठिकाने लगाती ही हैं, साथ ही वे दुकानों से चीजें उड़ाने में भी माहिर होती हैं।

## अस्पृश्य वर्ग भी सभ्य हिंदू समाज

जरायम- पेशा जातियों की तरह ही अस्पृश्य वर्ग भी सभ्य हिंदू समाज के बीच रहते हैं, पर अस्पृश्यों की संस्कृति और उनके आचार-विचार उन्हें आदिम जातियों तथा जरायम- पेशा जातियों से एकदम अलग करते हैं। अस्पृश्यों ने हिंदू जाति की संस्कृति को अपनाया है। वे हिंदू जाति के धार्मिक रीति-रिवाजों का पालन करते हैं। वे हिंदुओं की धार्मिक तथा सामाजिक परंपराओं का आदर करते हैं। वे हिंदुओं के तीज-त्योहार मनाते हैं। लेकिन उन्हें इसका कोई लाभ नहीं मिलता। उल्टे उनसे दुराव और अलगाव किया जाता है। क्योंकि हिंदू मानते हैं कि अस्पृश्यों के स्पर्श से वे भ्रष्ट हो जाते हैं, अतः उन प्रयोजनों को छोड़कर जो अस्पृश्यों के बिना पूरे नहीं हो सकते है, उनके साथ हर प्रकार का सामाजिक व्यवहार निषिद्ध होता है। वे गांव के बीच नहीं रहते। वे गांव के बाहर रहते हैं। हर गांव का अपना एक इलाका होता है, जो अस्पृश्य होता है, वह गांव से जुड़ा तो होता है, पर गांव का हिस्सा नहीं होता। शेष हिंदुओं से अलग-थलग उन्हें एक ऐसी आचरण संहिता से जकड़ दिया जाता है, जो दासों के लिए ही उपयुक्त होती है। इस संहिता के अनुसार अस्पृश्य ऐसा कुछ नहीं कर सकता, जो उसे जीवन के नियत स्तर से ऊपर उठा सके। उसे अपने दर्जे से ऊंचे स्तर के कपड़े नहीं पहनने चाहिएं और न ही किसी अस्पृश्य महिला को अपने से ऊंचे वर्ग की हिंदू महिलाओं के जेवरों जैसे जेवर पहनने चाहिएं। गांव के शेष हिंदुओं के घरों के मुकाबले उसका घर बेहतर या बड़ा नहीं होना चाहिए। बहरहाल, उसके घर पर खपैरल की छत तो होनी ही नहीं चाहिए। निश्चय ही अस्पृश्य को हिंदू के सामने बैठना नहीं चाहिए और उसका उसे हमेशा पहले अभिवादन करना चाहिए। निश्चय ही अस्पृश्य का न तो साफ वस्त्र पहनने चाहिएं और न ही पीतल या तांबे के बर्तनों का इस्तेमाल करना चाहिए। उसे चांदी या सोने के जेवर भी नहीं पहनने चाहिएं। जब हिंदू के परिवार में कोई मौत हो जाए तो अस्पृश्य को उस परिवार के रिश्तेदारों को मौत की खबर देने के लिए जाना चाहिए, भले ही वे कितनी दूर क्यों न रहते हों, क्योंकि यह खबर डाक से भेजने पर गांव में हिंदू अपने रिश्तेदारों में अपने को गिरा हुआ अनुभव करने लगता है। यदि हिंदू घरों की स्त्रियां अपने मायके जाएं या वहां से वापस आएं तो अस्पृश्य को उनके साथ ही जाना पड़ेगा। उनकी प्रतिष्ठा का तकाजा है कि उनके नौकर-चाकर होने चाहिएं। और केवल अस्पृश्य ही वह एकमात्र उपलब्ध वर्ग है, जिससे यह काम कुछ खर्च किए बिना कराया जा सकता है। हिंदू के घर के हर समारोह में अस्पृश्यों को आकर दासोचित कर्म करना ही चाहिए। अस्पृश्य को न तो जमीन खरीद कर उस पर खेती करनी चाहिए और न ही उसे स्वतंत्र जीवन बिताना चाहिए। अपना पेट भरने के लिए उसे हिंदू घरों की झूठन पर निर्वाह करना चाहिए और गांव में मरने वाले पशुओं का मांस खाना चाहिए। इस झूठन को इकट्ठा करने के लिए उसे घर- घर जाना चाहिए। भीख मांगने के लिए उसे शाम के वक्त जाना चाहिए। इसी तरह अस्पृश्य को मरे हुए जानवर को गांव से बाहर ले जाना ही पड़ेगा। निश्चय ही उसे यह काम अकेले ही करना चाहिए, क्योंकि कोई भी हिंदू इसमें उसका साथ नहीं देगा। अस्पृश्य को ऐसे धंधे नहीं करने चाहिएं, जो उसे सवर्ण हिंदुओं के ऊपर सत्ता और अधिकार दें। उसे विनम्र होना चाहिए और उससे अधिक की मांग नहीं करनी चाहिए, जो उसे नियत किया गया है। यह सच है कि कुछ अस्पृश्य उस निम्न स्तर से ऊंचे उठ गए हैं जो उन्हें परंपरा के अनुसार नियत रहा है और उन्होंने ऊंचे पद प्राप्त कर लिए हैं, तो भी इनमें से अधिकांश सामाजिकता की दृष्टि से अत्यंत निम्न स्थिति में हैं और आर्थिक दृष्टि से अत्यंत निर्धन हैं।

यह सात करोड़े 95 लाख लोगों की दशा है। मृत नहीं तो इन जीवनमृत जीवों की समस्या कोई छोटी-मोटी समस्या नहीं है। इन तीनों वर्गों की कुल संख्या अमरीका की आबादी से 60 प्रतिशत से भी अधिक है और ब्रिटिश साम्राज्य में श्वेतों की आबादी से 95 लाख अधिक है। इटली की आबादी से वह तीन करोड़ 70 लाख अधिक है। जर्मनी की आबादी से वह एक करोड़े 35 लाख अधिक है और फ्रांस की आबादी से तीन करोड़ 75 लाख। बेल्जियम की आबादी का वह दस गुना और डेनमार्क की आबादी का बीस गुना है। अभागे दलित मानवों की यह संख्या कितनी अधिक है?

# बिहार में वृद्धा व दिव्यांग पेंशन 400 से बढ़ाकर 1,100 रुपये, तेजस्वी यादव बोले- हमारी नीति की नकल कर रही सरकार

## बिहार सरकार के पेंशन वृद्धि के फैसले पर सियासी बवाल, तेजस्वी यादव ने बताया अपनी नीति का हिस्सा।

“समानता और न्याय”
पटियाला 22 जून
INTERNATIONAL PAPER, 94636 01616
hardipchumber57@gmail.com




पटना: बिहार सरकार ने सामाजिक सुरक्षा योजनाओं के तहत वृद्धा पेंशन और दिव्यांग पेंशन की राशि 400 रुपये से बढ़ाकर 1,100 रुपये करने की घोषणा की है। इस बड़े फैसले के बाद बिहार में सियासी पारा चढ़ गया है। सत्तारूढ़ दल इसे जनहित में एक महत्वपूर्ण कदम बता रहा है, जबकि विपक्ष इस फैसले को अपनी नीतियों का परिणाम बताकर सरकार को घेर रहा है।

**तेजस्वी यादव ने सरकार पर साधा निशाना**

पटना में एक प्रेस कॉन्फ्रेंस के दौरान नेता प्रतिपक्ष तेजस्वी यादव ने इस फैसले पर तीखी प्रतिक्रिया दी। उन्होंने कहा, “यह पेंशन वृद्धि हमारी नीति, हमारे दबाव और हमारे विजन का परिणाम है। जब हम सरकार में थे, तब हमने ही पेंशन बढ़ाने की योजना बनाई थी। आज सरकार उसी योजना की नकल कर रही है, लेकिन इसका श्रेय लेने की कोशिश कर रही है।”

तेजस्वी यादव ने आगे कहा कि उन्होंने 16 दिसंबर 2024 को सार्वजनिक रूप से ऐलान किया था कि अगर उनकी सरकार बनी, तो वृद्धजनों को 1,500 रुपये प्रतिमाह पेंशन दिया जाएगा। तेजस्वी ने आरोप लगाया, “आज सरकार 1,100 रुपये देने की बात कर रही है, लेकिन बजट सत्र में इस दिशा में कोई ठोस प्रावधान नहीं किया गया था।”

**सरकार पर बजटीय प्रावधान न करने का आरोप**

तेजस्वी यादव ने सरकार पर पेंशन वृद्धि के लिए बजटीय प्रावधान न करने का आरोप लगाया। उन्होंने कहा कि मार्च 2025 में बजट सत्र के दौरान विपक्ष ने वृद्धा पेंशन के साथ-साथ महिलाओं को सामाजिक सुरक्षा देने की मांग उठाई थी, लेकिन सरकार ने इस पर कोई गंभीरता नहीं दिखाई।

**‘मां-बहन मान योजना’ पर साधा तंज**

तेजस्वी यादव ने कहा कि सरकार जल्द ही ‘मां-बहन मान योजना’ जैसी किसी योजना की घोषणा कर सकती है, जो पूरी तरह उनके गठबंधन के विचार और प्राथमिकता से प्रेरित होगी। उन्होंने तंज कसते हुए कहा कि सरकार के पास अपनी कोई नीति नहीं है, इसलिए वह हमारी योजनाओं की नकल कर रही है।

**बिहार के विकास पर सरकार को घेरा**

तेजस्वी ने सरकार पर बिहार के विकास को लेकर दिशाहीन होने का आरोप लगाया। तेजस्वी ने कहा, “हमारी सरकार में लाखों युवाओं को नौकरी दी गई थी, अब वही बातें मौजूदा सरकार दोहराती है। लेकिन इनके पास कोई नया विजन नहीं है।” उन्होंने विश्वास जताया कि 2025 के विधानसभा चुनाव में बिहार की जनता इस दिखावटी राजनीति का करारा जवाब देगी।

# ओबीसी छात्रों ने विरोध प्रदर्शन तेज किया, तेलंगाना पिछड़े वर्गों के लिए 42% आरक्षण और संवैधानिक सुरक्षा की मांग की।

## AIOBCSA ने घोषणा की कि अभियान तेलंगाना भर में युवाओं और छात्र समुदायों के सक्रिय समर्थन के साथ गति प्राप्त करना जारी रखेगा।

“समानता और न्याय”
पटियाला 22 जून
INTERNATIONAL PAPER, 94636 01616
hardipchumber57@gmail.com



हैदराबाद- ऑल इंडिया ओबीसी स्टूडेंट्स एसोसिएशन (एआईओबीसीएसए) ने तेलंगाना में पिछड़े वर्गों (बीसी) के लिए 42% आरक्षण लागू करने की मांग को लेकर अपने चल रहे आंदोलन को तेज कर दिया है। चुनाव पूर्व किए गए वादे के अनुरूप, एसोसिएशन ने उस्मानिया विश्वविद्यालय के आर्ट्स कॉलेज में “बीसी सत्याग्रह” का आयोजन किया, जिसमें केंद्र सरकार से तेलंगाना बीसी आरक्षण बिल को भारतीय संविधान की नौवीं अनुसूची में शामिल करने का आग्रह किया गया।

सभा को संबोधित करते हुए, एआईओबीसीएसए के राष्ट्रीय अध्यक्ष डॉ जी किरण कुमार ने कहा, “यह केवल एक राजनीतिक प्रतिबद्धता नहीं है - यह बहुजनों द्वारा सामाजिक समानता के लिए एक सदी से चल रहे संघर्ष की सही परिणति का प्रतिनिधित्व करता है। शासन में पिछड़े वर्गों की निष्पक्ष और आनुपातिक भागीदारी सुनिश्चित करने के लिए, 42% आरक्षण का कार्यान्वयन अपरिहार्य है।”

एसोसिएशन ने तेलंगाना राज्य सरकार की लगातार चुप्पी और ठोस कार्ययोजना की कमी के लिए कड़ी आलोचना की। एआईओबीसीएसए के राष्ट्रीय सचिव बी. महेश गौड़ ने कहा, “हम इस आंदोलन को नहीं रोकेंगे। राज्य भर के छात्र बीसी अधिकारों के समर्थन में एकजुट हैं। अगर जरूरत पड़ी तो हम इस आंदोलन को दिल्ली ले जाने के लिए तैयार हैं।” एसोसिएशन ने घोषणा की कि तेलंगाना भर के युवाओं और छात्र समुदायों के सक्रिय समर्थन से अभियान को गति मिलेगी। बड़े आंदोलन के हिस्से के रूप में विभिन्न जिलों में विरोध प्रदर्शनों और सत्याग्रहों की एक श्रृंखला की योजना बनाई गई है।

सत्याग्रह में भाग लेकर कई प्रमुख नेताओं ने अपना समर्थन दिया, जिनमें बीसी बौद्धिक मंच के संयोजक और सेवानिवृत्त आईएएस अधिकारी टी. चिरंजीवुलु, अखिल भारतीय बहुजन समाज मंच के संस्थापक और सेवानिवृत्त डीजीपी डॉ. पूर्णचंद्र राव, राष्ट्रीय बीसी कल्याण संघ के अध्यक्ष जजुला श्रीनिवास गौड़, बीसी संघम के राष्ट्रीय उपाध्यक्ष गुज्जू सत्यम, सामाजिक न्याय पार्टी के अध्यक्ष पिडिकिली राजू और जेएसी नेता डॉ. अवरू वेणु शामिल थे।

उस्मानिया विश्वविद्यालय के बड़ी संख्या में छात्रों ने भी विरोध प्रदर्शन में भाग लिया, इस मुद्दे के साथ अपनी एकजुटता व्यक्त की और सामाजिक न्याय के संघर्ष के प्रति अपनी प्रतिबद्धता की पुष्टि की।

# हाय कनाडा! हाय कनाडा!! मंगेतर द्वारा कनाडा ले जाने से मना करने पर युवक ने की आत्महत्या !

## • ससुराल पक्ष के 6 लोगों पर केस दर्ज, 2 गिरफ्तार

“समानता और न्याय”
पटियाला 22 जून
INTERNATIONAL PAPER, 94636 01616
hardipchumber57@gmail.com




होशियारपुर, 22 जून (तरसेम दीवाना)

होशियारपुर जिले के सैला कलां गांव के एक युवक ने अपनी मंगेतर द्वारा कनाडा ले जाने से मना करने का दुख सहन न कर पाने पर आत्महत्या कर ली। इस संबंध में पुलिस ने मृतक युवक के ससुराल पक्ष के 6 लोगों पर केस दर्ज कर सास व ससुर को गिरफ्तार कर लिया है। इस संबंध में जानकारी देते हुए मृतक युवक के पिता कुलविंदर सिंह ने बताया कि उसके छोटे बेटे करणवीर सिंह (24) की सगाई बटाला जिले के बुर्ज अरायां गांव की लड़की नवजोत कौर से हुई थी। उन्होंने कहा कि सगाई से पहले दोनों परिवारों के बीच हुए समझौते के अनुसार लड़की को स्टडी वीजा पर कनाडा भेजने और शादी का प्रस्ताव रखने से संबंधित सारा खर्च हमें उठाना था, जिसके अनुसार 2022 में टांडे के एक पैलेस में लड़की का प्रस्ताव रखने का कार्यक्रम रखा गया था, जिसका सारा खर्च उन्होंने उठाया और उसके बाद भी उन्होंने सारा खर्चा उठाया और लड़की को कनाडा में लड़के के मामा के पास भेज दिया, साथ ही कॉलेज की फीस और टिकट भी दी। लेकिन अब पिछले डेढ़ साल से लड़की नवजोत कौर को उसके भाई प्रभजोत को छह से सात लाख रुपये खर्च करके कनाडा भेजने के लिए परेशान कर रहा था। हमने उसका सारा खर्चा भी उठाया और वह कनाडा छोड़कर अमेरिका चला गया, जिसके बाद लड़की ने लड़के से बात करना बंद कर दिया। जब कनाडा में रहने वाले उसके रिश्तेदारों ने पूछताछ की तो पता चला कि उसकी किसी और लड़के से दोस्ती थी और लड़की ने हमारे लड़के के साथ रिश्ता होने से इनकार करते हुए उसका नंबर ब्लॉक लिस्ट में डाल दिया। इस मामले संबंधी जब लड़की के परिवार से बात की तो उन्होंने इस बात पर सहमति जताई कि हम पैसे वापस कर देंगे जिसके लिए 31 मई का समय तय किया गया था, लेकिन यह समय देने के बाद भी उन्होंने मना कर दिया। जिससे परेशान होकर करणवीर ने कल आत्महत्या कर ली।

थाना मुखी माहिलपुर ने बताया कि कुलविंदर सिंह पुत्र गुरदेव सिंह निवासी सैलां कलां ने पुलिस को दी शिकायत में बताया कि उसके बड़े बेटे करणवीर सिंह उम्र करीब 24 साल की सगाई नवजोत कौर पुत्री बलविंदर सिंह निवासी बुर्ज अराईया थाना किला लाल सिंह जिला बटाला के साथ 15.05.2022 को हुई थी। इस सगाई का पूरा खर्च मैंने उठाया था, जो करीब 50,000 रुपये था और यह रिश्ता लखविंदर सिंह और उसकी पत्नी बेवी निवासी जुहरा थाना भोगपुर जिला जालंधर देहात ने बिचौलिया बनकर तय करवाया था। उन्होंने बताया कि नवजोत कौर ने आईलेट्स किया हुआ था, जिसके 6.5 बैंड थे, हमारा उनके साथ मौखिक समझौता हुआ था कि लड़की नवजोत कौर कनाडा जाएगी और अपने बेटे करणवीर सिंह को भी कनाडा ले जाएगी। उन्होंने बताया कि लड़की नवजोत कौर को कनाडा भेजने में हमारा करीब 26-27 लाख रुपए खर्च हुआ, लेकिन न तो उसका बेटा विदेश गया और न ही उन्होंने उसके पैसे वापस किए। जिस पर उसका बेटा एक टेंट में रहने लगा और 19/20 जून की रात को उसने कोई जहरीली चीज खाकर अपनी जीवन लीला समाप्त कर ली। जिसके बेटे नवजोत कौर पुत्री बलविंदर सिंह, प्रभजोत सिंह पुत्र बलविंदर सिंह, बलविंदर सिंह पुत्र ज्ञान सिंह, राजविंदर कौर पत्नी बलविंदर सिंह निवासी गांव बुर्ज अरायां, थाना किला लाल सिंह, जिला बटाला, लखविंदर सिंह और उसकी पत्नी बेवी के खिलाफ मामला दर्ज कर आगे की कार्रवाई शुरू कर दी है। इस मौके पर गांव के सरपंच गुरलाल सैला ने कहा कि लड़की के पूरे परिवार ने लड़के के परिवार के साथ धोखाधड़ी करने की साजिश रची है और उन्हें इंसाफ मिलना चाहिए। उन्होंने मांग की कि परिवार के बाकी सदस्यों को गिरफ्तार किया जाए और परिवार को न्याय दिया जाए।

# समाज समर्पण दिवस के रूप में मनाया अशोक बुवानीवाला का जन्मदिन

“समानता और न्याय”
पटियाला 22 जून
INTERNATIONAL PAPER, 94636 01616
hardipchumber57@gmail.com



भिवानी, 22 जून (हप्र) : अग्रवाल वैश्य समाज के प्रदेश अध्यक्ष अशोक बुवानीवाला का जन्मदिवस के अवसर पर आज भिवानी विधानसभा इकाई द्वारा नंदीशाला में हरा चारा खिलाकर व पौधारोपण कर ‘समाज समर्पण दिवस’ के रूप में हर्षोल्लास के साथ मनाया गया। पौधारोपण के दौरान विधानसभा अध्यक्ष सतीश वैद्य ने कहा कि अग्रवाल वैश्य समाज के प्रदेश अध्यक्ष अशोक बुवानीवाला के जन्मदिवस को ‘समाज समर्पण दिवस’ के रूप में मनाया गया है।

**पौधारोपण कर मनाया अशोक बुवानीवाला का जन्मदिन**

जन्मदिवस की बधाई एवं उनके स्वस्थ व दीर्घायु की कामना करते हुए उन्होंने कहा कि बुवानीवाला के कुशल नेतृत्व में आज अनेक युवा साथी राजनीति एवं समाजसेवा के क्षेत्र में उनके साथ कदमताल कर रहे हैं। उनकी प्रेरणास्वरूप आज सभी सदस्यों ने मिलकर पौधा रोपण कर राजनीति एवं सामाजिक क्षेत्र में अपना अहम योगदान देने का संकल्प लिया है।

**‘अशोक बुवानीवाला ने समाज के हर वर्ग के लिये काम किया’**

उन्होंने कहा कि बुवानीवाला के नेतृत्व में वैश्य समाज एकजुट होकर अपने राजनीतिक हकों के लिए आगे आया है। आज उनकी मेहनत के परिणाम स्वरूप विधानसभा, नगर निकायों व पंचायत चुनावों में वैश्य समाज अपना प्रतिनिधित्व दे रहा है। ऐसे में हमारी जिम्मेदारी बनती है कि हम उनका तन-मन-धन से साथ दें।